ਅੰਗ ੭੧੧ = ੧ੴ ਸਿਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਪ੍ਰਮਾਤਮਾ ਇਕ ਹੈ, ਉਸ ਦਾ ਨਾਮ ਸੱਚਾ ਹੈ, ਸ੍ਰਿਸਟੀ ਦਾ ਰਚਨਹਾਰ ਹੈ, ਸਰਬ ਵਿਆਪਕ ਹਸਤੀ ਹੈ, ਭੈ ਰਹਿਤ, ਵੈਰ ਰਹਿਤ, ਕਾਲ ਰਹਿਤ ਹਸਤੀ ਹੈ, ਜੋਨੀਆਂ ਵਿਚ ਨਹੀਂ ਆਉਂਦਾ, ਸੁਤੇ ਪ੍ਰਕਾਸ਼ਵਾਨ ਹੈ, ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ। ਟੋਡੀ ਸੰਪੂਰਨ ਜਾਤੀ ਦੀ ਰਾਗਣੀ ਹੈ, ਜੋ ਧਨਾਸਰੀ, ਆਸਾਵਰੀ ਤੇ ਖਟ ਤਿੰਨਾਂ ਦੇ ਮੇਲ ਤੋਂ ਬਣਦੀ ਹੈ। ਗੁਰੂ ਜੀ ਨੇ ਇਸ ਨੂੰ ਰਾਗ ਹੀ ਲਿਖਿਆ ਹੈ, ਪਹਿਰ ਦਿਨ ਚੜ੍ਹੇ ਗਾਈ ਜਾਂਦੀ ਹੈ, ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ੧੨ ਵਾਂ ਨੰਬਰ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ ਮਾਲਾ ਵਿਚ ਇਸ ਨੂੰ ਦੀਪਕ ਰਾਗ ਦੀ ਇਸਤ੍ਰੀ ਦੱਸਿਆ ਹੈ।

ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ। ਕਾਮੋਦੀ ਅਉ ਗੂਜਰੀ ਸੰਗਿ ਦੀਪਕ ਕੇ ਥਾਪਿ।

ਰਾਗੁ ਟੋਡੀ ਮਹਲਾ ੪ ਘਰੁ ੧ ॥ ਹਰਿ ਬਿਨੁ ਰਹਿ ਨ ਸਕੈ ਮਨੁ ਮੇਰਾ ॥ ਮੇਰੇ ਪ੍ਰੀਤਮ ਪ੍ਰਾਨ ਹਰਿ ਪ੍ਰਭੁ ਗੁਰੁ ਮੇਲੇ, ਬਹੁਰਿ ਨ ਭਵਜਲਿ ਫੇਰਾ ॥੧॥ਰਹਾਉ॥ ਮੇਰੈ ਹੀਅਰੈ ਲੋਚ ਲਗੀ ਪ੍ਰਭ ਕੇਰੀ, ਹਰਿ ਨੈਨਹੁ ਹਰਿ ਪ੍ਰਭੁ ਹੇਰਾ ॥ ਸਤਿਗੁਰਿ ਦਇਆਲਿ ਹਰਿ ਨਾਮੁ ਦ੍ਰਿੜਾਇਆ, ਹਰਿ ਪਾਧਰੁ ਹਰਿ ਪ੍ਰਭ ਕੇਰਾ ॥੧॥ ਹਰਿ ਰੰਗੀ ਹਰਿ ਨਾਮੁ ਪ੍ਰਭ ਪਾਇਆ, ਹਰਿ ਗੋਵਿੰਦ ਹਰਿ ਪ੍ਰਭ ਕੇਰਾ ॥ ਹਰਿ ਹਿਰਦੈ ਮਨਿ ਤਨਿ ਮੀਠਾ ਲਾਗਾ, ਮੁਖਿ ਮਸਤਕਿ ਭਾਗੁ ਚੰਗੇਰਾ ॥੨॥ ਲੋਭ ਵਿਕਾਰ ਜਿਨਾ ਮਨੁ ਲਾਗਾ, ਹਰਿ ਵਿਸਰਿਆ ਪੁਰਖੁ ਚੰਗੇਰਾ ॥ ਓਇ ਮਨਮੁਖ ਮੂੜ ਅਗਿਆਨੀ ਕਹੀਅਹਿ, ਤਿਨ ਮਸਤਕਿ ਭਾਗੁ ਮੰਦੇਰਾ ॥੩॥ ਬਿਬੇਕ ਬੁਧਿ ਸਤਿਗੁਰ ਤੇ ਪਾਈ, ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥ ਜਨ ਨਾਨਕ ਨਾਮੁ ਗੁਰੂ ਤੇ ਪਾਇਆ, ਧੁਰਿ ਮਸਤਕਿ ਭਾਗੁ ਲਿਖੇਰਾ ॥੪॥੧॥ (ਹੇ ਭਾਈ!) ਹਰੀ ਤੋਂ ਬਿਨਾ ਮੇਰਾ ਮਨ ਰਹਿ ਨਹੀਂ ਸਕਦਾ। ਜੇ ਗੁਰੂ ਮੇਰੇ ਪ੍ਰਾਣਾਂ ਦੇ ਪ੍ਰੀਤਮ ਹਰੀ ਪ੍ਰਭੂ ਨੂੰ ਮਿਲਾ ਦੇਵੇ, ਫਿਰ ਮੁੜ ਭਵਜਲ ਵਿਚ ਫੇਰਾ ਨਹੀਂ ਹੋਵੇਗਾ (ਜਨਮ ਮਰਨ ਮਿਟ ਜਾਵੇਗਾ)।੧।ਰਹਾਉ। ਮੇਰੇ ਹਿਰਦੇ ਵਿਚ ਪ੍ਰਭੂ ਦੇ ਦਰਸ਼ਨਾਂ ਦੀ ਲੋਚ ਲਗੀ ਹੋਈ ਸੀ, (ਗੁਰੂ ਦੀ ਕਿਰਪਾ ਨਾਲ ਗਿਆਨ ਦੀਆਂ) ਅੱਖਾਂ ਨਾਲ ਮੈਂ ਹਰੀ ਪ੍ਰਭੂ ਨੂੰ ਦੇਖ ਲਿਆ ਹੈ।੧। ਸਤਿਗੁਰੂ ਨੇ ਦਿਆਲ ਹੋ ਕੇ (ਮੇਰੇ ਮਨ ਵਿਚ) ਹਰੀ ਦਾ ਨਾਮ ਦ੍ਰਿੜ ਕਰਾ ਦਿਤਾ ਹੈ, (ਇਹੋ ਹੀ) ਹਰੀ ਪ੍ਰਭੂ ਦੀ ਪ੍ਰਾਪਤੀ ਦਾ ਸਿੱਧਾ ਰਸਤਾ ਹੈ।੧। ਅਨੇਕਾਂ ਕੌਤਕ ਕਰਨ ਵਾਲੇ ਹਰੀ ਪ੍ਰਭੂ ਦਾ ਨਾਮ ਮੈਂ ਹਰੀ ਪ੍ਰਭੂ ਦੀ ਬਖਸ਼ਿਸ਼ ਨਾਲ (ਗੁਰੂ ਤੋਂ) ਪ੍ਰਾਪਤ ਕਰ ਲਿਆ ਹੈ। (ਮੇਰੇ) ਹਿਰਦੇ ਵਿਚ, ਮਨ ਵਿਚ ਤੇ ਤਨ ਵਿਚ ਹਰੀ ਦਾ ਨਾਮ ਮਿੱਠਾ ਲੱਗਾ ਹੈ, (ਕਿਉਂਕਿ) ਮੇਰੇ ਮੂੰਹ ਮੱਥੇ ਉਤੇ ਚੰਗਾ ਭਾਗ ਲਿਖਿਆ ਹੋਇਆ ਸੀ।੨। ਜਿਨ੍ਹਾਂ ਮਨੁੱਖਾਂ ਦਾ ਮਨ ਲੋਭ ਆਦਿਕ ਵਿਕਾਰਾਂ ਵਿਚ ਲੱਗਾ ਹੋਇਆ ਹੈ, ਉਨ੍ਹਾਂ ਨੂੰ ਸ੍ਰੇਸਟ ਅਕਾਲ ਪੁਰਖ ਭੁੱਲ ਗਿਆ ਹੈ। ਉਹ ਮਨਮੁਖ, ਮੂਰਖ ਤੇ ਗਿਆਨ ਹੀਣ ਕਹੇ ਜਾਂਦੇ ਹਨ, (ਸਮਝ ਲਵੋ) ਉਨ੍ਹਾਂ ਦੇ ਮੱਥੇ ਤੇ ਮੰਦਾ ਭਾਗ ਲਿਖਿਆ ਹੋਇਆ ਹੈ।੩। (ਹੇ ਭਾਈ!) ਮੈਂ ਬਿਬੇਕ ਬੁੱਧੀ ਸਤਿਗੁਰੂ ਤੋਂ ਪਾਈ ਹੈ, ਗੁਰੂ ਦਾ ਬਖਸ਼ਿਆ ਗਿਆਨ ਗੁਰੂ ਪ੍ਰਭੂ ਦਾ ਮਿਲਾਪ ਕਰਾਉਣ ਵਾਲਾ ਹੈ। ਦਾਸ ਨਾਨਕ ਨੇ ਨਾਮ ਗੁਰੂ ਤੋਂ ਪ੍ਰਾਪਤ ਕੀਤਾ ਹੈ, (ਕਿਉਂਕਿ) ਧੁਰ ਦਰਗਾਹ ਤੋਂ ਮੇਰੇ ਮੱਥੇ ਉਤੇ (ਨਾਮ ਪ੍ਰਾਪਤੀ ਦਾ) ਭਾਗ ਲਿਖਿਆ ਹੋਇਆ ਸੀ।੪।੧।

ਪਦਾਰਥ = ਪ੍ਰੀਤਮ–ਪਿਆਰਾ। ਮੇਲੇ–ਮਿਲਾ ਦੇਵੇ। ਬਹੁਰਿ–ਮੁੜ ਕੇ। ਭਵਜਲਿ–ਸੰਸਾਰ ਸਮੁੰਦਰ ਵਿਚ। ਫੇਰਾ–ਗੇੜਾ; ਚੱਕਰ।੧। ਹੀਅਰੈ–ਹਿਰਦੇ ਵਿਚ। ਲੋਚ–ਇੱਛਾ। ਕੇਰੀ–ਦੀ। ਨੈਨਹੁ–ਅੱਖਾਂ ਨਾਲ। ਹੇਰਾ–ਦੇਖ ਲਿਆ ਹੈ। ਸਤਿਗੁਰਿ–ਸਤਿਗੁਰੂ ਨੇ। ਦਇਆਲਿ–ਦਿਆਲ ਹੋ ਕੇ। ਦ੍ਰਿੜਾਇਆ–ਪੱਕੀ ਤਰ੍ਹਾਂ ਟਿਕਾ ਦਿਤਾ। ਪਾਧਰੁ–ਪੱਧਰਾ ਰਸਤਾ। ਕੇਰਾ–ਦਾ।੧। ਹਰਿ ਰੰਗੀ–ਅਨੇਕਾਂ ਕੌਤਕ ਕਰਨ ਵਾਲਾ ਹਰੀ। ਮਨਿ–ਮਨ ਵਿਚ। ਤਨਿ–ਸਰੀਰ ਵਿਚ। ਮੀਠਾ–ਮਿੱਠਾ; ਪਿਆਰਾ। ਮੁਖਿ–ਮੂੰਹ ਉਤੇ। ਮਸਤਕਿ–ਮੱਥੇ ਉਤੇ। ਚੰਗੇਰਾ–ਚੰਗਾ; ਸ੍ਰੇਸਟ।੨। ਵਿਸਰਿਆ–ਭੁੱਲ ਗਿਆ। ਓਇ–ਉਹ (ਬਹੁ ਵਚਨ)। ਮੂੜ–ਮੂਰਖ। ਅਗਿਆਨੀ–ਗਿਆਨ ਹੀਣ (ਬੇਸਮਝ)। ਕਹੀਅਹਿ–ਕਹੇ ਜਾਂਦੇ ਹਨ। ਤਿਨ–ਉਨ੍ਹਾਂ ਦੇ। ਮੰਦੇਰਾ–ਮੰਦਾ; ਮਾੜਾ।੩। ਬਿਬੇਕ ਬੁਧਿ–ਚੰਗੇ ਮੰਦੇ ਦੀ ਪਰਖ ਕਰਨ ਵਾਲੀ ਬੁੱਧੀ। ਤੇ–ਤੋਂ। ਜਨ ਨਾਨਕ–ਦਾਸ ਨਾਨਕ। ਧੁਰਿ–ਧੁਰ ਦਰਗਾਹ ਤੋਂ। ਲਿਖੇਰਾ–ਲਿਖਿਆ ਹੋਇਆ ਸੀ।੪।੧।

ਟੋਡੀ ਮਹਲਾ ੫ ਘਰੁ ੧ ਦੁਪਦੇ ੧ੴ ਸਤਿਗੁਰ ਪ੍ਰਸਾਦਿ ॥ ਸੰਤਨ ਅਵਰ ਨ ਕਾਹੂ ਜਾਨੀ ॥ ਬੇਪਰਵਾਹ ਸਦਾ ਰੰਗਿ ਹਰਿ ਕੈ, ਜਾ ਕੋ ਪਾਖੁ ਸੁਆਮੀ ॥ਰਹਾਉ॥ ਊਚ ਸਮਾਨਾ ਠਾਕੁਰ ਤੇਰੋ, ਅਵਰ ਨ ਕਾਹੂ ਤਾਨੀ ॥ ਐਸੋ ਅਮਰੁ ਮਿਲਿਓ ਭਗਤਨ ਕਉ ,ਰਾਚਿ

ਰਹੇ ਰੰਗਿ ਗਿਆਨੀ ॥੧॥ ਰੋਗ ਸੋਗ ਦੁਖ ਜਰਾ ਮਰਾ, ਹਰਿ ਜਨਹਿ ਨਹੀ ਨਿਕਟਾਨੀ ॥ ਨਿਰਭਉ ਹੋਇ ਰਹੇ ਲਿਵ ਏਕੈ, ਨਾਨਕ ਹਰਿ ਮਨੁ ਮਾਨੀ ॥੨॥੧॥ (ਹੇ ਭਾਈ!) ਸੰਤਾਂ ਨੇ ਹਰੀ ਦੇ ਨਾਮ ਤੋਂ ਬਿਨਾ ਹੋਰ ਕਿਸੇ ਦੀ ਗੱਲ ਨਹੀਂ ਜਾਣੀ (ਕਿਸੇ ਦੀ ਪ੍ਰਵਾਹ ਨਹੀਂ ਕੀਤੀ)। ਜਿਨ੍ਹਾਂ ਦਾ ਪੱਖ ਮਾਲਕ ਪ੍ਰਭੂ ਕਰਦਾ ਹੈ, ਉਹ ਹਰੀ ਦੇ ਪ੍ਰੇਮ ਵਿਚ ਸਦਾ ਬੇਪ੍ਰਵਾਹ ਰਹਿੰਦੇ ਹਨ। ਰਹਾਉ। ਹੇ ਮਾਲਕ ਪ੍ਰਭੂ! ਤੇਰਾ ਸ਼ਮਿਆਨਾ (ਅਕਾਸ਼ ਮੰਡਲ) ਬਹੁਤ ਉਚਾ ਹੈ, (ਤੈਥੋਂ ਬਿਨਾ ਇਤਨਾ ਵੱਡਾ ਚੰਦੋਆ) ਹੋਰ ਕਿਸੇ ਨੇ ਨਹੀਂ ਤਾਣਿਆ ਹੋਇਆ। ਐਸਾ ਅਬਿਨਾਸੀ ਪ੍ਰਭੂ ਭਗਤਾਂ ਨੂੰ ਮਿਲਿਆ ਹੈ, ਗਿਆਨਵਾਨ ਪੁਰਖ (ਉਸ ਦੇ) ਪ੍ਰੇਮ ਰੰਗ ਵਿਚ ਰਚੇ ਰਹਿੰਦੇ ਹਨ।੧। ਰੋਗ, ਸੋਗ, ਬੁਢੇਪਾ ਤੇ ਮੌਤ ਦਾ ਦੁਖ ਹਰੀ ਦੇ ਦਾਸਾਂ ਦੇ ਨੇੜੇ ਨਹੀਂ ਆਉਂਦਾ। ਨਾਨਕ ਗੁਰੂ ਜੀ ਆਖਦੇ ਹਨ ਕਿ (ਹਰੀ ਦੇ ਦਾਸ) ਇਕ ਹਰੀ ਵਿਚ ਲਿਵ ਲਗਾ ਕੇ ਨਿਰਭੈ ਹੋਏ ਰਹਿੰਦੇ ਹਨ ਅਤੇ ਹਰੀ ਨਾਲ (ਉਨ੍ਹਾ ਦਾ) ਮਨ ਮੰਨ ਗਿਆ ਹੈ।੨।੧।

ਸੰਤਨ = ਸੰਤਾਂ ਤੋਂ ਬਿਨਾ ਹਰੀ ਦੀ ਪ੍ਰਾਪਤੀ ਹੋਰ ਕਿਸੇ ਨੇ ਨਹੀਂ ਜਾਣੀ; ਸੰਤਾਂ ਤੋਂ ਬਿਨਾ ਹੋਰ ਕਿਸੇ ਨੇ ਪ੍ਰਭੂ ਨੂੰ ਨਹੀਂ ਜਾਣਿਆ।

ਊਚ ਸਮਾਨਾ = ੧. ਤੇਰਾ ਸ਼ਾਹੀ ਪ੍ਰਤਾਪ ਉਚਾ ਹੈ, (ਤੇਰੇ ਵਰਗਾ) ਹੋਰ ਕੋਈ ਬਲ ਵਾਲਾ ਨਹੀਂ ਹੈ (ਸ਼ਬਦਾਰਥ)।੨. ਉਚਾ ਸਾਯਬਾਨ (ਅਕਾਸ਼ ਮੰਡਲ) ਤੇਰਾ ਹੈ, ਤੈਥੋਂ ਬਿਨਾ ਉਹ ਹੋਰ ਕਿਸੇ ਦੇ ਬਲ (ਤਾਨ) ਆਸਰੇ ਨਹੀਂ (ਮ.ਕੋ.)।

ਪਦਾਰਥ = ਅਵਰੁ ਕਾਹੂ–ਹੋਰ ਕਿਸੇ ਦੀ। ਨ ਜਾਨੀ–ਨਹੀਂ ਜਾਣੀ। ਰੰਗਿ ਹਰਿ ਕੈ–ਹਰੀ ਦੇ ਪ੍ਰੇਮ ਵਿਚ। ਜਾ ਕੋ–ਜਿਸ ਦਾ। ਪਾਖੁ–ਪੱਖ ;ਸਹਾਇਤਾ। ਰਹਾਉ। ਸਮਾਨਾ–ਸ਼ਮਿਆਨਾ (ਚੰਦੋਆ)। ਠਾਕੁਰ–ਹੇ ਮਾਲਕ ਪ੍ਰਭੂ!। ਨ ਤਾਨੀ–ਨਹੀਂ ਤਾਣਿਆ ਹੋਇਆ; ਤਾਕਤ ਨਹੀਂ। ਅਮਰੁ–ਮਰਨ ਰਹਿਤ ਪ੍ਰਭੂ; ਰਾਜ (ਹਕੂਮਤ)। ਕਉ–ਨੂੰ। ਰਾਚਿ ਰਹੇ–ਮਗਨ ਹੋਏ ਰਹਿੰਦੇ ਹਨ। ਗਿਆਨੀ–ਗਿਆਨਵਾਨ ਪੁਰਖ।੧। ਸੋਗ–ਚਿੰਤਾ। ਜਰਾ–ਬੁਢੇਪਾ। ਮਰਾ–ਮੌਤ। ਹਰਿ ਜਨਹਿ–ਹਰੀ ਦੇ ਦਾਸਾਂ ਦੇ। ਨਿਕਟਾਨੀ–ਨੇੜੇ। ਲਿਵ ਏਕੈ–ਇਕ ਪ੍ਰਭੂ ਵਿਚ ਲਿਵ ਲਗਾ ਕੇ। ਨਿਰਭਉ–ਭੈ ਰਹਿਤ। ਮਨੁ ਮਾਨੀ–ਮਨ ਮੰਨ (ਪਤੀਜ) ਗਿਆ।੨।੧।

ਟੋਡੀ ਮਹਲਾ ੫ ॥ ਹਰਿ ਬਿਸਰਤ ਸਦਾ ਖੁਆਰੀ ॥ (ਹੇ ਭਾਈ!) ਹਰੀ ਨੂੰ ਭੁੱਲ ਜਾਣ ਨਾਲ ਸਦਾ ਬੇਇਜਤੀ ਹੀ ਹੁੰਦੀ ਹੈ।

ਅੰਗ ੭੧੨ = ਤਾ ਕਉ ਧੋਖਾ ਕਹਾ ਬਿਆਪੈ, ਜਾ ਕਉ ਓਟ ਤੁਹਾਰੀ ॥ਰਹਾਉ॥ ਬਿਨੁ ਸਿਮਰਨ ਜੋ ਜੀਵਨੁ ਬਲਨਾ, ਸਰਪ ਜੈਸੇ ਅਰਜਾਰੀ ॥ ਨਵ ਖੰਡਨ ਕੋ ਰਾਜੁ ਕਮਾਵੈ, ਅੰਤਿ ਚਲੈਗੋ ਹਾਰੀ ॥੧॥ ਗੁਣ ਨਿਧਾਨ ਗੁਣ ਤਿਨ ਹੀ ਗਾਏ, ਜਾ ਕਉ ਕਿਰਪਾ ਧਾਰੀ ॥ ਸੋ ਸੁਖੀਆ ਧੰਨੁ ਉਸੁ ਜਨਮਾ, ਨਾਨਕ ਤਿਸੁ ਬਲਿਹਾਰੀ ॥੨॥੨॥ (ਹੇ ਪ੍ਰਭੂ!) ਜਿਸ ਮਨੁੱਖ ਨੂੰ ਤੇਰੀ ਓਟ ਹੈ, ਉਸ ਨੂੰ ਧੋਖਾ ਕਿਵੇਂ ਲਗ ਸਕਦਾ ਹੈ? (ਨਹੀਂ ਲਗ ਸਕਦਾ)। ਰਹਾਉ। ਸਿਮਰਨ ਤੋਂ ਬਿਨਾ ਜਿਉਣਾ ਨਿਰਾ ਸੜਨਾ ਹੈ (ਸ਼ਬਦਾਰਥ); ਹਰੀ ਦੇ ਨਾਮ ਸਿਮਰਨ ਤੋਂ ਬਿਨਾ ਜੋ ਜੀਵਨ ਬਤੀਤ ਕਰਨਾ ਹੈ, (ਉਹ ਇਸ ਤਰ੍ਹਾਂ ਦਾ ਹੈ) ਜਿਵੇਂ ਸੱਪ ਅਪਣੀ ਉਮਰ ਗੁਜਾਰਦਾ ਹੈ (ਸੱਪ ਦੀ ਉਮਰ ਲੰਬੀ ਹੁੰਦੀ ਹੈ, ਅਪਣੇ ਅੰਦਰ ਵਿਸ ਘੋਲਦਾ ਰਹਿੰਦਾ ਹੈ। ਭਾਵੇਂ ਕੋਈ ਮਨੁੱਖ ਪ੍ਰਿਥਵੀ ਦੇ) ਨੌਂ ਖੰਡਾਂ ਦਾ ਰਾਜ ਕਰਦਾ ਹੋਵੇ, ਫਿਰ ਵੀ ਅੰਤ ਸਮੇਂ (ਇੱਥੋਂ ਜੀਵਨ ਦੀ ਬਾਜੀ) ਹਾਰ ਕੇ ਚਲੇ ਜਾਵੇਗਾ।੧।(ਹੇ ਭਾਈ!) ਗੁਣਾਂ ਦੇ ਖਜਾਨੇ ਪ੍ਰਭੂ ਦੇ ਗੁਣ ਉਸ ਪੁਰਖ ਨੇ ਹੀ ਗਾਏ ਹਨ, ਜਿਸ ਉਤੇ ਪ੍ਰਭੂ ਨੇ ਕ੍ਰਿਪਾ ਕੀਤੀ ਹੈ। ਉਹ ਮਨੁੱਖ ਸੁਖੀ ਜੀਵਨ ਵਾਲਾ ਹੈ ਅਤੇ ਉਸ ਦਾ ਮਨੁੱਖਾ ਜਨਮ ਵੀ ਧੰਨ ਹੈ, ਨਾਨਕ ਉਸ (ਗੁਣ ਗਾਉਣ ਵਾਲੇ ਮਨੁੱਖ) ਤੋਂ ਸਦਕੇ ਜਾਂਦਾ ਹੈ।੨।੨।

ਪਦਾਰਥ = ਬਿਸਰਤ–ਭੁਲ ਜਾਣ ਨਾਲ। ਖੁਆਰੀ–ਬੇਇਜਤੀ। ਤਾ ਕਉ–ਉਸ ਨੂੰ। ਕਹਾ–ਕਿਵੇਂ। ਬਿਆਪੈ–ਲਗ ਸਕਦਾ ਹੈ। ਜਾ ਕਉ–ਜਿਸ ਨੂੰ। ਤੁਹਾਰੀ–ਤੇਰੀ। ਬਲਨਾ–ਬਤੀਤ ਕਰਨਾ; ਸੜਨਾ। ਸਰਪ–ਸੱਪ। ਅਰਜਾਰੀ–ਉਮਰ। ਨਵ ਖੰਡਨ–ਨੌਂ ਖੰਡ (ਸਾਰੀ ਧਰਤੀ)। ਕੋ–ਦਾ। ਰਾਜੁ ਕਮਾਵੈ–ਰਾਜ ਕਰਦਾ ਹੋਵੇ। ਅੰਤਿ–ਅੰਤ ਸਮੇਂ। ਚਲੈਗੋ–ਚਲੇ ਜਾਵੇਗਾ। ਹਾਰੀ–ਹਾਰ ਕੇ।੧। ਗੁਣ ਨਿਧਾਨ–ਗੁਣਾਂ ਦਾ ਖਜਾਨਾ। ਤਿਨ ਹੀ–ਉਸ ਨੇ ਹੀ। ਜਾ ਕਉ–ਜਿਸ ਉਤੇ। ਧਾਰੀ–ਕੀਤੀ। ਸੋ–ਉਹ। ਬਲਿਹਾਰੀ–ਸਦਕੇ ਜਾਂਦਾ ਹੈ।੨।੨।

ਟੋਡੀ ਮਹਲਾ ੫ ਘਰੁ ੨ ਚਉਪਦੇ ੧ੴ ਸਤਿਗੁਰ ਪ੍ਰਸਾਦਿ ॥ ਧਾਇਓ ਰੇ ਮਨ ਦਹ ਦਿਸ ਧਾਇਓ ॥ ਮਾਇਆ ਮਗਨ ਸੁਆਦਿ ਲੋਭਿ ਮੋਹਿਓ, ਤਿਨਿ ਪ੍ਰਭਿ ਆਪਿ ਭੁਲਾਇਓ ॥ਰਹਾਉ॥ ਹਰਿ ਕਥਾ ਹਰਿ ਜਸ ਸਾਧ ਸੰਗਤਿ ਸਿਉ ,ਇਕੁ ਮੁਹਤੁ ਨ ਇਹੁ ਮਨੁ ਲਾਇਓ ॥ ਬਿਗਸਿਓ ਪੇਖਿ ਰੰਗੁ ਕੁਸੁੰਭ ਕੋ, ਪਰ ਗ੍ਰਿਹ ਜੋਹਨਿ ਜਾਇਓ ॥੧॥ ਚਰਨ ਕਮਲ ਸਿਉ ਭਾਉ ਨ ਕੀਨੋ, ਨਹ ਸਤ ਪੁਰਖੁ

ਮਨਾਇਓ ॥ ਧਾਵਤ ਕਉ ਧਾਵਹਿ ਬਹੁ ਭਾਤੀ, ਜਿਉ ਤੇਲੀ ਬਲਦੁ ਭ੍ਰਮਾਇਓ ॥੨॥ ਨਾਮ ਦਾਨੁ ਇਸਨਾਨੁ ਨ ਕੀਓ, ਇਕ ਨਿਮਖ ਨ ਕੀਰਤਿ ਗਾਇਓ ॥ ਨਾਨਾ ਝੂਠਿ ਲਾਇ ਮਨੁ ਤੋਖਿਓ, ਨਹ ਬੂਝਿਓ ਅਪਨਾਇਓ ॥੩॥ ਪਰ ਉਪਕਾਰ ਨ ਕਬਹੂ ਕੀਏ, ਨਹੀ ਸਤਿ ਗੁਰੁ ਸੇਵਿ ਧਿਆਇਓ ॥ ਪੰਚ ਦੂਤ ਰਚਿ ਸੰਗਤਿ ਗੋਸਟਿ, ਮਤਵਾਰੋ ਮਦ ਮਾਇਓ ॥੪॥ ਕਰਉ ਬੇਨਤੀ ਸਾਧ ਸੰਗਤਿ ਹਰਿ, ਭਗਤਿ ਵਛਲੁ ਸੁਣਿ ਆਇਓ ॥ ਨਾਨਕ ਭਾਗਿ ਪਰਿਓ ਹਰਿ ਪਾਛੈ, ਰਾਖੁ ਲਾਜ ਅਪੁਨਾਇਓ ॥੫॥੩॥ ਹੇ ਭਾਈ! (ਮਨੁੱਖ ਦਾ) ਮਨ ਦੌੜਿਆ ਫਿਰਦਾ ਹੈ, (ਇਕ ਪਾਸੇ ਨਹੀਂ, ਇਹ ਤਾਂ) ਦਸੇ ਦਿਸ਼ਾਵਾਂ ਵੱਲ ਦੌੜਦਾ ਹੈ। ਮਾਇਆ ਵਿਚ ਮਗਨ ਹੋ ਕੇ ਸੁਆਦਾਂ ਦੇ ਲੋਭ ਵਿਚ ਮੋਹਿਆ ਹੋਇਆ ਹੈ, (ਇਸ ਦੇ ਵਸ ਵਿਚ ਨਹੀਂ, ਪਿਛਲੇ ਕੀਤੇ ਕਰਮਾਂ ਕਰਕੇ ਇਸ ਨੂੰ) ਉਸ ਪ੍ਰਭੂ ਨੇ ਆਪ ਹੀ ਕੁਰਾਹੇ ਪਾਇਆ ਹੈ। ਰਹਾਉ। ਹਰੀ ਦੀ ਕਥਾ, ਹਰੀ ਦਾ ਜਸ ਅਤੇ ਸਾਧ ਸੰਗਤ ਨਾਲ (ਮਨੁੱਖ ਨੇ ਅਪਣਾ) ਮਨ ਅੱਧੀ ਘੜੀ ਲਈ ਵੀ ਨਹੀਂ ਲਾਇਆ। ਕੁਸੁੰਭੇ ਦੇ ਫੁੱਲਾਂ ਦੇ ਰੰਗ (ਸੁੰਦਰ ਇਸਤ੍ਰੀਆਂ) ਦੇਖ ਕੇ ਪ੍ਰਸੰਨ ਹੁੰਦਾ ਹੈ ਅਤੇ ਪਰਾਏ ਘਰ ਦੇਖਣ ਜਾਂਦਾ ਹੈ।੧।(ਮਨੁੱਖ ਨੇ) ਪ੍ਰਭੂ ਦੇ ਕਮਲ ਫੁੱਲ ਵਰਗੇ ਚਰਨਾਂ ਨਾਲ ਪਿਆਰ ਨਹੀਂ ਕੀਤਾ ਅਤੇ ਨਾ ਹੀ ਪ੍ਰਭੂ ਨੂੰ ਮਨਾਇਆ ਹੈ। ਨਾਸ਼ਵੰਤ ਪਦਾਰਥਾਂ ਵਾਸਤੇ ਬਹੁਤ ਤਰ੍ਹਾਂ ਨਾਲ ਇਉਂ ਦੌੜਿਆ ਫਿਰਦਾ ਹੈ, ਜਿਵੇਂ ਤੇਲੀ ਦਾ ਬਲਦ (ਕੋਹਲੂ ਦੇ ਦੁਆਲੇ) ਘੁੰਮਦਾ ਫਿਰਦਾ ਹੈ (ਜਿਵੇਂ ਕੋਹਲੂ ਦੁਆਲੇ ਬਲਦ ਦਾ ਪੈਂਡਾ ਮੁੱਕਦਾ ਨਹੀਂ, ਇਸ ਤਰ੍ਹਾਂ ਪਦਾਰਥਾਂ ਵਾਸਤੇ ਦੌੜ ਮੁਕਦੀ ਨਹੀਂ। ਇਸ ਨੇ) ਨਾ ਨਾਮ ਜਪਿਆ, ਨਾ ਕਿਸੇ ਗਰੀਬ ਨੂੰ ਦਾਨ ਦਿਤਾ ਤੇ ਨਾ ਹੀ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕੀਤਾ ਅਤੇ ਇਕ ਨਿਮਖ ਮਾਤ੍ਰ ਵੀ ਪ੍ਰਭੂ ਦਾ ਜਸ ਨਹੀਂ ਗਾਇਆ। ਮਨ ਨੂੰ ਅਨੇਕ ਤਰ੍ਹਾਂ ਦੇ ਝੂਠ ਵਿਚ ਲਾ ਕੇ (ਇਹ ਮਨੁੱਖ) ਖੁਸ਼ ਹੋਇਆ ਹੈ, (ਪਰ ਇਸ ਨੇ) ਅਪਣੇ ਆਪ ਨੂੰ ਨਹੀਂ ਜਾਣਿਆ।੩।(ਇਸ ਨੇ) ਕਦੇ ਪਰ ਉਪਕਾਰ ਨਹੀਂ ਕੀਤੇ ਅਤੇ ਨਾ ਹੀ ਸਤਿਗੁਰੂ ਦੀ ਸੇਵਾ ਕਰਕੇ (ਹਰੀ ਦਾ ਨਾਮ) ਧਿਆਇਆ ਹੈ। ਪੰਜ ਕਾਮਾਦਿਕ ਬੈਰੀਆਂ ਦੀ ਸੰਗਤ ਵਿਚ ਅਤੇ ਚਰਚਾ ਵਿਚ ਰਚ ਕੇ (ਮਨ) ਮਾਇਆ ਦੇ ਨਸ਼ੇ ਵਿਚ ਮਸਤ ਹੋਇਆ ਫਿਰਦਾ ਹੈ।੪।(ਮਨ ਦੀ ਇਹ ਹਾਲਤ ਦੇਖ ਕੇ) ਮੈਂ ਸਾਧ ਸੰਗਤ ਵਿਚ ਆ ਕੇ ਬੇਨਤੀ ਕਰਦਾ ਹਾਂ, ਹੇ ਹਰੀ! ਮੈਂ ਇਹ ਸੁਣ ਕੇ ਤੇਰੀ ਸ਼ਰਣ ਵਿਚ ਆਇਆ ਹਾਂ ਕਿ ਤੂੰ ਭਗਤੀ ਨਾਲ ਪਿਆਰ ਕਰਨ ਵਾਲਾ ਹੈਂ। ਹੇ ਹਰੀ! ਨਾਨਕ ਭੱਜ ਕੇ ਤੇਰੇ ਪਿਛੇ ਪਿਆ (ਤੇਰੇ ਦੱਸੇ ਰਸਤੇ ਉਤੇ ਚੱਲਿਆ) ਹੈ, ਅਪਣਾ ਸੇਵਕ ਜਾਣ ਕੇ ਮੇਰੀ ਲਾਜ ਰੱਖ ਲੈ।੫।੧।੩।

ਪਦਾਰਥ = ਧਾਇਓ–ਦੌੜਿਆ ਫਿਰਦਾ ਹੈ। ਰੇ–ਹੇ ਭਾਈ!। ਦਹ ਦਿਸ–ਦਸ ਦਿਸ਼ਾਵਾਂ ਵਿਚ (ਹਰ ਪਾਸੇ)। ਸੁਆਦਿ ਲੋਭਿ–ਸੁਆਦਾਂ ਦੇ ਲੋਭ ਵਿਚ। ਸਿਉ–ਨਾਲ। ਮੋਹਿਓ–ਮੋਹਿਆ ਹੈ। ਤਿਨਿ–ਉਸ ਨੇ। ਭੁਲਾਇਓ–ਕੁਰਾਹੇ ਪਾਇਆ ਹੈ। ਰਹਾਉ। ਜਸ–ਸਿਫਤ ਸਲਾਹ। ਇਕੁ ਮੁਹਤੁ–ਅੱਧੀ ਘੜੀ। ਬਿਗਸਿਓ–ਖੁਸ਼ ਹੁੰਦਾ ਹੈ। ਪੇਖਿ–ਦੇਖ ਕੇ। ਕੋ–ਦਾ। ਪਰ ਗ੍ਰਿਹ–ਪਰਾਏ ਘਰ। ਜੋਹਨਿ ਜਾਇਓ–ਦੇਖਣ ਜਾਂਦਾ ਹੈ।੧। ਭਾਉ–ਪਿਆਰ। ਨ ਕੀਨੋ–ਨਹੀਂ ਕੀਤਾ। ਨਹ–ਨਹੀਂ। ਸਤਪੁਰਖੁ–ਸਤਿਗੁਰੂ; ਪ੍ਰਭੂ। ਮਨਾਇਓ–ਪੂਜਿਆ; ਪ੍ਰਸੰਨ ਕੀਤਾ। ਧਾਵਤ ਕਉ–ਨਾਸ਼ਵੰਤ (ਪਦਾਰਥਾਂ) ਵਾਸਤੇ। ਧਾਵਹਿ–ਦੌੜਦਾ ਹੈ। ਬਹੁ ਭਾਤੀ–ਬਹੁਤ ਤਰ੍ਹਾਂ ਨਾਲ। ਭ੍ਰਮਾਇਓ–ਘੁੰਮਦਾ ਰਹਿੰਦਾ ਹੈ।੨। ਕੀਓ–ਕੀਤਾ। ਨਿਮਖ–ਅੱਖ ਝਮਕਣ ਜਿੰਨਾ ਸਮਾਂ। ਕੀਰਤਿ–ਜਸ। ਨਾਨਾ–ਅਨੇਕਾਂ ਤਰ੍ਹਾਂ ਦਾ। ਤੋਖਿਓ–ਪ੍ਰਸੰਨ ਕੀਤਾ। ਅਪਨਾਇਓ–ਅਪਣੇ ਆਪ ਨੂੰ।੩। ਪਰਉਪਕਾਰ–ਪਰਾਇਆਂ ਦਾ ਭਲਾ। ਕਬਹੂ–ਕਦੇ। ਸੇਵਿ–ਸੇਵਾ ਕਰਕੇ। ਪੰਚ ਦੂਤ–ਪੰਜ ਕਾਮ ਆਦਿਕ ਬੈਰੀ। ਗੋਸਟਿ–ਚਰਚਾ; ਗਲੱ ਬਾਤ; ਮੇਲ ਮਿਲਾਪ। ਰਚਿ–ਲਗ ਕੇ। ਮਤਵਾਰੋ–ਮਸਤ। ਮਦ–ਨਸ਼ਾ। ਮਾਇਓ–ਮਾਇਆ।੪। ਕਰਉ–ਕਰਦਾ ਹਾਂ। ਭਗਤਿ ਵਛਲੁ–ਭਗਤੀ ਨਾਲ ਪਿਆਰ ਕਰਨ ਵਾਲਾ। ਭਾਗਿ ਪਰਿਓ–ਭੱਜ ਕੇ ਆ ਪਿਆ ਹੈ। ਲਾਜ–ਇੱਜਤ।੫।੧।੩।

ਟੋਡੀ ਮਹਲਾ ੫ ॥ ਮਾਨੁਖੁ ਬਿਨੁ ਬੂਝੇ ਬਿਰਥਾ ਆਇਆ ॥ ਅਨਿਕ ਸਾਜ ਸੀਗਾਰ ਬਹੁ ਕਰਤਾ, ਜਿਉ ਮਿਰਤਕੁ ਓਢਾਇਆ ॥ਰਹਾਉ॥ ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ, ਇਕਤ੍ਰ ਕਰੀ ਹੈ ਮਾਇਆ ॥ ਦਾਨੁ ਪੁੰਨੁ ਨਹੀ ਸੰਤਨ ਸੇਵਾ, ਕਿਤ ਹੀ ਕਾਜਿ ਨ ਆਇਆ ॥੧॥ ਕਰਿ ਆਭਰਣ ਸਵਾਰੀ ਸੇਜਾ, ਕਾਮਨਿ ਥਾਟੁ ਬਨਾਇਆ ॥ ਸੰਗੁ ਨ ਪਾਇਓ ਅਪੁਨੇ ਭਰਤੇ, ਪੇਖਿ ਪੇਖਿ ਦੁਖੁ ਪਾਇਆ ॥੨॥ ਸਾਰੋ ਦਿਨਸੁ ਮਜੂਰੀ ਕਰਤਾ, ਤੁਹੁ ਮੂਸਲਹਿ ਛਰਾਇਆ ॥ ਖੇਦੁ ਭਇਓ ਬੇਗਾਰੀ ਨਿਆਈ, ਘਰ ਕੈ ਕਾਮਿ ਨ

ਆਇਆ ॥੩॥ ਭਇਓ ਅਨੁਗ੍ਰਹੁ ਜਾ ਕਉ ਪ੍ਰਭ ਕੋ, ਤਿਸੁ ਹਿਰਦੈ ਨਾਮੁ ਵਸਾਇਆ ॥ ਸਾਧ ਸੰਗਤਿ ਕੈ ਪਾਛੈ ਪਰਿਅਉ ,ਜਨ ਨਾਨਕ ਹਰਿ ਰਸੁ ਪਾਇਆ ॥ ੪॥੨॥੪॥ (ਹੇ ਭਾਈ!) ਹਰੀ ਦੇ ਗਿਆਨ ਨੂੰ ਸਮਝੇ ਤੋਂ ਬਿਨਾ ਮਨੁੱਖ (ਸੰਸਾਰ ਵਿਚ) ਬਿਅਰਥ ਹੀ ਆਇਆ ਹੈ।(ਭਾਵੇਂ ਉਹ) ਅਨੇਕਾਂ ਤਰ੍ਹਾਂ ਦੇ ਠਾਠ ਬਾਠ ਅਤੇ ਬਹੁਤੇ ਸ਼ਿੰਗਾਰ ਕਰਦਾ ਹੈ, (ਪਰ ਉਹ ਇਉਂ ਸਮਝੋ) ਜਿਵੇਂ ਮੁਰਦੇ ਨੂੰ ਪੁਸ਼ਾਕ ਪਹਿਨਾਈ ਹੋਈ ਹੋਵੇ।ਰਹਾਉ।ਦੌੜ ਦੌੜ ਕੇ ਇਸ ਕੰਜੂਸ ਮਨੁੱਖ ਨੇ ਮਿਹਨਤ ਕੀਤੀ ਅਤੇ ਮਾਇਆ ਇਕੱਤ੍ਰ ਕਰ ਲਈ ਹੈ।(ਇਸ ਮਾਇਆ ਨਾਲ ਉਸ ਨੇ ਕਿਸੇ ਗਰੀਬ ਨੂੰ) ਦਾਨ ਨਹੀਂ ਦਿਤਾ, ਨਾ ਕੋਈ ਪੁੰਨ ਕਰਮ ਕੀਤਾ ਅਤੇ ਨਾ ਹੀ ਸੰਤਾਂ ਦੀ ਸੇਵਾ ਕੀਤੀ ਹੈ, (ਉਸ ਦਾ ਕਮਾਇਆ ਧਨ) ਕਿਸੇ ਵੀ ਕੰਮ ਨਹੀਂ ਆਇਆ।੧।(ਦ੍ਰਿਸਟਾਂਤ ਦੇਂਦੇ ਹਨ ਕਿ ਜਿਵੇਂ) ਇਸਤ੍ਰੀ ਨੇ ਗਹਿਣੇ ਪਹਿਨ ਕਰਕੇ ਸੇਜ ਸਵਾਰੀ ਹੈ ਅਤੇ ਹੋਰ ਵੀ ਹਾਰ ਸ਼ਿੰਗਾਰ ਬਣਾਇਆ ਹੋਵੇ।(ਪਰ ਜੇ ਉਸ ਨੂੰ) ਅਪਣੇ ਪਤੀ ਦਾ ਸੰਗ ਨਹੀਂ ਪ੍ਰਾਪਤ ਹੋਇਆ, (ਉਸ ਨੇ ਸੇਜ ਅਤੇ ਹਾਰ ਸ਼ਿੰਗਾਰ) ਦੇਖ ਦੇਖ ਕੇ ਦੁਖ ਹੀ ਪਾਇਆ ਹੈ।੨।(ਹੋਰ ਦ੍ਰਿਸਟਾਂਤ, ਜਿਵੇਂ ਕੋਈ ਮਨੁੱਖ) ਸਾਰਾ ਦਿਨ ਮਜਦੂਰੀ ਕਰਦਾ ਹੈ, (ਧਾਨਾਂ ਦੇ) ਖਾਲੀ ਛਿਲਕਿਆਂ ਨੂੰ ਮੋਹਲੇ ਨਾਲ ਛੜਦਾ (ਨਿਕੰਮੇ ਕੰਮ ਕਰਦਾ) ਰਿਹਾ ਹੈ।(ਉਸ ਨੂੰ) ਬੇਗਾਰੀ ਵਾਂਗ ਕਸ਼ਟ ਹੀ ਹੋਇਆ ਹੈ, (ਬਿਗਾਰੀ ਦੀ ਬਿਗਾਰ ਵਿਚੋਂ ਕੁਛ ਵੀ ਉਸ ਦੇ) ਘਰ ਦੇ ਕੰਮ ਨਹੀਂ ਆਇਆ (ਮਨੁੱਖ ਸੁਖ ਦੀ ਇੱਛਾ ਰਖ ਕੇ ਕੰਮ ਕਰਦਾ ਹੈ, ਜੋ ਧਨ ਜਮ੍ਹਾਂ ਕਰਦਾ ਹੈ, ਉਹ ਉਸ ਦੇ ਮਰਨ ਪਿੱਛੋਂ ਦੂਜਿਆਂ ਦੇ ਹੱਥ ਆ ਜਾਂਦਾ ਹੈ, ਬਿਗਾਰੀ ਦੀ ਬਿਗਾਰ ਵਾਂਗ ਉਹ ਖਾਲੀ ਹੱਥ ਪ੍ਰਲੋਕ ਨੂੰ ਜਾਂਦਾ ਹੈ)।੩।ਜਿਸ ਮਨੁੱਖ ਉਤੇ ਪ੍ਰਭੂ ਦੀ ਕ੍ਰਿਪਾ ਹੋਈ ਹੈ, ਉਸ ਦੇ ਹਿਰਦੇ ਵਿਚ (ਪ੍ਰਭੂ ਨੇ ਅਪਣਾ) ਨਾਮ ਵਸਾ ਦਿਤਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜਾ) ਮਨੁੱਖ ਸਾਧ ਸੰਗਤ ਦੇ ਪਿੱਛੇ ਲਗ ਪਿਆ ਹੈ (ਸਾਧ ਸੰਗਤਿ ਦੀ ਸ਼ਰਨ ਲਈ ਹੈ, ਉਸ ਨੇ) ਹਰੀ ਦਾ ਨਾਮ ਰਸ ਪ੍ਰਾਪਤ ਕਰ ਲਿਆ ਹੈ।੪।੨।੪।

ਪਦਾਰਥ = ਬਿਰਥਾ–ਬਿਅਰਥ; ਨਿਸਫਲ।ਸਾਜ–ਸਜ ਧਜ; ਬਨਾਵਟੀ ਠਾਠ ਬਾਠ।ਬਹੁ ਕਰਤਾ–ਬਹੁਤ ਕਰਦਾ ਹੈ।ਮਿਰਤਕੁ–ਮੁਰਦਾ ।ਓਢਾਇਆ–ਪਹਿਨਾਇਆ ਹੈ।ਰਹਾਉ।ਧਾਇ ਧਾਇ–ਦੌੜ ਦੌੜ ਕੇ।ਕ੍ਰਿਪਨ–ਕੰਜੂਸ।ਸ੍ਰਮੁ ਕੀਨੋ–ਮਿਹਨਤ ਕੀਤੀ; ਜਤਨ ਕੀਤੇ।ਕਿਤ ਹੀ–ਕਿਸੇ ਵੀ।ਕਾਜਿ–ਕੰਮ।੧।ਕਰਿ ਆਭਰਣ–ਗਹਿਣੇ ਪਹਿਨ ਕਰਕੇ।ਸਵਾਰੀ–ਸਜਾਈ ਹੈ।ਸੇਜਾ–ਸਿਹਜਾ; ਪਲੰਘ। ਕਾਮਨਿ–ਇਸਤ੍ਰੀ ਨੇ।ਥਾਟੁ–ਹਾਰ ਸ਼ਿੰਗਾਰ।ਸੰਗੁ–ਮਿਲਾਪ।ਭਰਤੇ–ਪਤੀ ਦਾ।ਪੇਖਿ ਪੇਖਿ–ਦੇਖ ਦੇਖ ਕੇ।੨।ਮਜੂਰੀ–ਮਜਦੂਰੀ। ਤੁਹੁ–ਭੋਹ; ਛਿਲਕਾ; ਫੂਸ।ਮੁਸਲਹਿ–ਮੋਹਲੇ ਨਾਲ।ਛਰਾਇਆ–ਛੜਦਾ (ਕੁੱਟਦਾ) ਹੈ।ਖੇਦੁ–ਕਸ਼ਟ।ਭਇਓ–ਹੋਇਆ।ਬੇਗਾਰੀ ਨਿਆਈ–ਮੁਫਤ ਦਾ ਕੰਮ ਕਰਨ ਵਾਲੇ ਵਾਂਗ।ਕਾਮਿ–ਕੰਮ।੩।ਅਨੁਗ੍ਰਹੁ–ਕਿਰਪਾ।ਜਾ ਕਉ–ਜਿਸ ਉਤੇ।ਕੋ–ਦੀ।ਤਿਸੁ–ਉਸ ਦੇ। ਹਿਰਦੈ–ਹਿਰਦੇ ਵਿਚ।ਕੈ–ਦੇ।ਪਾਛੈ ਪਰਿਅਉ–ਪਿਛੇ ਲਗ ਪਿਆ (ਸ਼ਰਨ ਲਈ) ਹੈ।ਰਸੁ–ਅਨੰਦ।੪।੨।੪।

ਟੋਡੀ ਮਹਲਾ ੫ ॥ ਕ੍ਰਿਪਾ ਨਿਧਿ ਬਸਹੁ ਰਿਦੈ ਹਰਿ ਨੀਤ ॥ ਤੈਸੀ ਬੁਧਿ ਕਰਹੁ ਪਰਗਾਸਾ, ਲਾਗੈ ਪ੍ਰਭ ਸੰਗਿ ਪ੍ਰੀਤਿ ॥ਰਹਾਉ॥ ਦਾਸ ਤੁਮਾਰੇ ਕੀ ਪਾਵਉ ਧੂਰਾ, ਮਸਤਕਿ ਲੇ ਲੇ ਲਾਵਉ ॥ (ਹਰੀ ਤੋਂ ਇਹ ਦਾਤਾਂ ਮੰਗੀਏ) ਹੇ ਕ੍ਰਿਪਾ ਦੇ ਖਜਾਨੇ ਹਰੀ! ਹਰ ਰੋਜ ਮੇਰੇ ਹਿਰਦੇ ਵਿਚ ਵਸਦੇ ਰਹੋ।(ਮੇਰੇ ਹਿਰਦੇ ਵਿਚ) ਇਹੋ ਜਿਹੀ ਬੁੱਧੀ ਪ੍ਰਗਟ ਕਰ ਦਿਓ, (ਜਿਸ ਦਾ ਸਦਕਾ ਮੇਰੀ) ਪ੍ਰਭੂ ਨਾਲ ਪ੍ਰੀਤ ਲਗ ਜਾਵੇ।ਰਹਾਉ।(ਹੇ ਪ੍ਰਭੂ!) ਮੈਂ ਤੇਰੇ ਦਾਸਾਂ ਦੀ ਚਰਨ ਧੂੜ ਪ੍ਰਾਪਤ ਕਰਾਂ ਅਤੇ (ਉਹ ਧੂੜੀ) ਲੈ ਲੈ ਕੇ ਅਪਣੇ ਮੱਥੇ ਉਤੇ ਲਾਵਾਂ।

ਅੰਗ ੭੧੩ = ਮਹਾ ਪਤਿਤ ਤੇ ਹੋਤ ਪੁਨੀਤਾ, ਹਰਿ ਕੀਰਤਨ ਗੁਨ ਗਾਵਉ ॥੧॥ ਆਗਿਆ ਤੁਮਰੀ ਮੀਠੀ ਲਾਗਉ ,ਕੀਓ ਤੁਹਾਰੋ ਭਾਵਉ ॥ ਜੋ ਤੂ ਦੇਹਿ ਤਹੀ ਇਹੁ ਤ੍ਰਿਪਤੈ, ਆਨ ਨ ਕਤਹੂ ਧਾਵਉ ॥੨॥ ਸਦ ਹੀ ਨਿਕਟਿ ਜਾਨਉ ਪ੍ਰਭ ਸੁਆਮੀ, ਸਗਲ ਰੇਣ ਹੋਇ ਰਹੀਐ ॥ ਸਾਧੂ ਸੰਗਤਿ ਹੋਇ ਪਰਾਪਤਿ, ਤਾ ਪ੍ਰਭੁ ਅਪੁਨਾ ਲਹੀਐ ॥੩॥ ਸਦਾ ਸਦਾ ਹਮ ਛੋਹਰੇ ਤੁਮਰੇ, ਤੂ ਪ੍ਰਭ ਹਮਰੋ ਮੀਰਾ ॥ ਨਾਨਕ ਬਾਰਿਕ ਤੁਮ ਮਾਤ ਪਿਤਾ, ਮੁਖਿ ਨਾਮੁ ਤੁਮਾਰੋ ਖੀਰਾ ॥੪॥੩॥੫॥ ਅਤੇ ਹਰੀ ਦਾ ਕੀਰਤਨ ਤੇ ਗੁਣ ਗਾਉਂਦਾ ਰਹਾਂ, (ਜਿਸ ਦੀ ਬਰਕਤ ਨਾਲ) ਵੱਡੇ ਪਾਪੀ ਪਵਿਤ੍ਰ ਹੋ ਜਾਂਦੇ ਹਨ; ਮੈਂ ਮਹਾਂ ਪਾਪੀ ਤੋਂ ਪਵਿਤ੍ਰ ਹੋ ਜਾਵਾਂ (ਸ਼ਬਦਾਰਥ)।੧।(ਹੇ ਪ੍ਰਭੂ! ਮੈਨੂੰ) ਤੇਰੀ ਆਗਿਆ ਮਿੱਠੀ ਲੱਗੇ ਅਤੇ ਤੇਰਾ ਕੀਤਾ (ਹੇਰਕ ਕੰਮ ਮੈਨੂੰ) ਚੰਗਾ ਲੱਗੇ।ਜੋ ਤੂੰ ਮੈਨੂੰ ਦੇਵੇਂ, ਉਸੇ ਨਾਲ ਮੇਰਾ

ਇਹ ਮਨ ਰੱਜਿਆ ਰਹੇ ਅਤੇ ਮੈਂ ਹੋਰ ਕਿਸੇ ਪਾਸੇ ਦੌੜਦਾ ਨਾ ਫਿਰਾਂ।੨।ਹੇ ਮਾਲਕ ਪ੍ਰਭੂ! ਮੈਂ ਸਦਾ ਹੀ ਤੈਨੂੰ ਅਪਣੇ ਨੇੜੇ ਜਾਣਾਂ ਅਤੇ ਸਭ ਦੇ ਚਰਨਾਂ ਦੀ ਧੂੜ ਹੋਏ ਰਹੀਏ।ਸਾਧੂਆਂ ਦੀ ਸੰਗਤ ਪ੍ਰਾਪਤ ਹੋਵੇ (ਜਦੋਂ ਇਹ ਸਭ ਦਾਤਾਂ ਮਿਲ ਜਾਣ), ਤਾਂ ਅਪਣੇ ਪ੍ਰਭੂ ਨੂੰ ਜਾਣ ਲਈਦਾ ਹੈ।੩।ਹੇ ਪ੍ਰਭੂ! ਅਸੀਂ ਸਦਾ ਤੇਰੇ ਛੋਟੇ ਬੱਚੇ ਹਾਂ ਅਤੇ ਤੂੰ ਸਾਡਾ ਪਾਤਸ਼ਾਹ ਹੈਂ।ਨਾਨਕ ਗੁਰੂ ਜੀ ਆਖਦੇ ਹਨ (ਕਿ ਅਸੀਂ ਸਾਰੇ ਜੀਵ ਤੇਰੇ) ਬੱਚੇ ਹਾਂ ਤੇ ਤੂੰ (ਸਾਡਾ ਸਭ ਦਾ) ਮਾਤਾ ਪਿਤਾ ਹੈਂ ਅਤੇ ਤੇਰਾ ਨਾਮ ਸਾਡੇ ਮੂੰਹ ਵਿਚ ਦੁਧ ਹੈ।੪।੩।੫।

ਪਦਾਰਥ = ਕ੍ਰਿਪਾ ਨਿਧਿ-ਹੇ ਕ੍ਰਿਪਾ ਦੇ ਖਜਾਨੇ!।ਬਸਹੁ-ਵਸਦੇ ਰਹੋ।ਰਿਦੈ-ਹਿਰਦੇ ਵਿਚ।ਨੀਤ-ਹਰ ਰੋਜ।ਕਰਹੁ ਪਰਗਾਸਾ-ਪ੍ਰਗਟ ਕਰੋ।ਸੰਗਿ-ਨਾਲ।ਰਹਾਉ।ਪਾਵਉ-ਮੈਂ ਪ੍ਰਾਪਤ ਕਰਾਂ।ਧੂਰਾ-ਚਰਨ ਧੂੜ।ਮਸਤਕਿ-ਮੱਥੇ ਉਤੇ।ਲੇ ਲੇ ਲਾਵਉ-ਲੈ ਲੈ ਕੇ ਮੈ ਲਾਵਾਂ।ਮਹਾ ਪਤਿਤ-ਵੱਡੇ ਪਾਪੀ।ਤੇ-ਤੋਂ।ਹੋਤ-ਹੋ ਜਾਂਦੇ ਹਨ।ਪੁਨੀਤਾ-ਪਵਿਤ੍ਰ।ਗਾਵਉ-ਮੈਂ ਗਾਵਾਂ।੧।ਆਗਿਆ-ਹੁਕਮ; ਭਾਣਾ ।ਲਾਗਉ-ਲੱਗੇ।ਕੀਓ-ਕੀਤਾ (ਕੰਮ)।ਭਾਵਉ-ਚੰਗਾ ਲੱਗੇ।ਦੇਹਿ-ਦੇਵੇਂ।ਤਹੀ-ਉਸੇ ਨਾਲ।ਤ੍ਰਿਪਤੈ-ਰੱਜਿਆ ਰਹੇ।ਆਨ ਕਤ ਹੂ-ਹੋਰ ਕਿਸੇ ਪਾਸੇ।ਧਾਵਉ-ਦੌੜਦਾ ਫਿਰਾਂ।੨।ਸਦ ਹੀ-ਸਦਾ ਹੀ।ਨਿਕਟਿ-ਨੇੜੇ (ਅੰਗ ਸੰਗ)।ਜਾਨਉ-ਮੈਂ ਜਾਣਾਂ।ਸੁਆਮੀ-ਹੇ ਮਾਲਕ!।ਸਗਲ ਰੇਣ-ਸਭ ਦੇ ਚਰਨਾਂ ਦੀ ਧੂੜ।ਲਹੀਐ-ਜਾਣ ਲਈਦਾ ਹੈ; ਲੱਭ ਲਈਦਾ ਹੈ।੩।ਛੋਹਰੇ-ਛੋਕਰੇ (ਛੋਟੇ ਬੱਚੇ; ਦਾਸ)।ਹਮਰੋ-ਸਾਡਾ ।ਮੀਰਾ-ਪਾਤਸ਼ਾਹ।ਬਾਰਿਕ-ਬੱਚੇ।ਮੁਖਿ-ਮੂੰਹ ਵਿਚ।ਖੀਰਾ-ਦੁੱਧ।੪।੩।੫।

ਟੋਡੀ ਮਹਲਾ ੫ ਘਰੁ ੨ ਦੁਪਦੇ ੴ ਸਤਿਗੁਰ ਪ੍ਰਸਾਦਿ ॥ ਮਾਗਉ ਦਾਨੁ ਠਾਕੁਰ ਨਾਮ ॥ ਅਵਰੁ ਕਛੂ ਮੇਰੈ ਸੰਗਿ ਨ ਚਾਲੈ, ਮਿਲੈ ਕ੍ਰਿਪਾ ਗੁਣ ਗਾਮ ॥੧॥ਰਹਾਉ॥ ਰਾਜੁ ਮਾਲੁ ਅਨੇਕ ਭੋਗ ਰਸ, ਸਗਲ ਤਰਵਰ ਕੀ ਛਾਮ ॥ ਧਾਇ ਧਾਇ ਬਹੁ ਬਿਧਿ ਕਉ ਧਾਵੈ, ਸਗਲ ਨਿਰਾਰਥ ਕਾਮ ॥੧॥ ਬਿਨੁ ਗੋਵਿੰਦ ਅਵਰੁ ਜੇ ਚਾਹਉ ,ਦੀਸੈ ਸਗਲ ਬਾਤ ਹੈ ਖਾਮ ॥ ਕਹੁ ਨਾਨਕ ਸੰਤ ਰੇਨ ਮਾਗਉ ,ਮੇਰੋ ਮਨੁ ਪਾਵੈ ਬਿਸ੍ਰਾਮ ॥੨॥੧॥੬॥ ਹੇ ਮਾਲਕ ਪ੍ਰਭੂ! ਮੈਂ (ਤੇਰੇ ਪਾਸੋਂ) ਨਾਮ ਦਾ ਦਾਨ ਮੰਗਦਾ ਹਾਂ।ਹੋਰ ਕੁੱਛ ਵੀ (ਪ੍ਰਲੋਕ ਵਿਚ) ਮੇਰੇ ਨਾਲ ਨਹੀਂ ਜਾਵੇਗਾ, ਤੇਰੀ ਕ੍ਰਿਪਾ ਨਾਲ ਤੇਰੇ ਗੁਣ ਗਾਉਣਾ ਮਿਲ ਜਾਵੇ।੧।ਰਹਾਉ।ਰਾਜ, ਮਾਲ ਅਤੇ ਅਨੇਕਾਂ ਭੋਗਾਂ ਦੇ ਰਸ ਆਦਿ ਸਾਰੇ ਬ੍ਰਿਛ ਦੀ ਛਾਂ (ਵਾਂਗ ਸਦਾ ਟਿਕੇ ਰਹਿਣ ਵਾਲੇ ਨਹੀਂ) ਹਨ।(ਇਨ੍ਹਾਂ ਨੂੰ ਹਾਸਲ ਕਰਨ ਲਈ ਮਨੁੱਖ) ਦੌੜ ਦੌੜ ਕੇ ਬਹੁਤ ਤਰੀਕਿਆਂ ਨਾਲ ਦੌੜ ਭੱਜ ਕਰਦਾ ਹੈ, (ਪਰ ਇਹ) ਸਾਰੇ ਕੰਮ ਬਿਅਰਥ ਜਾਂਦੇ ਹਨ।੧।ਗੋਬਿੰਦ ਦੇ ਨਾਮ ਤੋਂ ਬਿਨਾ ਜੇ ਮੈਂ ਕੁਛ ਹੋਰ ਚਾਹੁੰਦਾ ਰਹਾਂ, ਤਾਂ ਸਾਰੀ ਗੱਲ ਕੱਚੀ (ਨਾਸ਼ਵੰਤ) ਦਿਸਦੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਸੰਤਾਂ ਦੀ ਚਰਨ ਧੂੜ ਮੰਗਦਾ ਹਾਂ, (ਜਿਸ ਨਾਲ) ਮੇਰਾ ਮਨ (ਦੁਨੀਆਂ ਦੀ ਦੌੜ ਭੱਜ ਤੋਂ) ਟਿਕਾਉ ਪ੍ਰਾਪਤ ਕਰ ਸਕੇ।੨।੧।੬।

ਪਦਾਰਥ = ਦੁਪਦੇ-ਦੋ ਪਦਿਆਂ ਵਾਲੇ ਸ਼ਬਦ।ਮਾਗਉ-ਮੈਂ ਮੰਗਦਾ ਹਾਂ।ਠਾਕੁਰ-ਹੇ ਮਾਲਕ ਪ੍ਰਭੂ!।ਅਵਰੁ ਕਛੂ-ਹੋਰ ਕੁਛ ਵੀ।ਸੰਗਿ-ਨਾਲ।ਗੁਣ ਗਾਮ-ਗੁਣ ਗਾਉਣਾ।੧।ਰਹਾਉ।ਮਾਲ-ਸੰਪਤੀ (ਧਨ ਪਦਾਰਥ)।ਭੋਗ ਰਸ-ਭੋਗਾਂ ਦੇ ਸੁਆਦ।ਸਗਲ-ਸਾਰੇ।ਤਰਵਰ ਕੀ-ਬ੍ਰਿਛ ਦੀ।ਛਾਮ-ਛਾਂ।ਧਾਇ ਧਾਇ-ਦੌੜ ਦੌੜ ਕੇ।ਬਹੁ ਬਿਧਿ ਕਉ-ਬਹੁਤ ਤਰੀਕਿਆਂ ਨਾਲ।ਧਾਵੈ-ਭੱਜ ਕਰਕੇ।ਨਿਰਾਰਥ-ਬਿਅਰਥ।ਕਾਮ-ਕੰਮ।੧।ਚਾਹਉ-ਮੈਂ ਚਾਹੁੰਦਾ ਰਹਾਂ।ਦੀਸੈ-ਦਿਸਦੀ ਹੈ।ਬਾਤ-ਗੱਲ।ਖਾਮ-ਕੱਚੀ (ਨਾਸ਼ਵੰਤ) ।ਰੇਨ-ਚਰਨ ਧੂੜ।ਬਿਸ੍ਰਾਮ-ਟਿਕਾਉ; ਆਰਾਮ; ਸ਼ਾਂਤੀ।੨।੧।੬।

ਟੋਡੀ ਮਹਲਾ ੫ ॥ ਪ੍ਰਭ ਜੀ ਕੋ ਨਾਮੁ ਮਨਹਿ ਸਾਧਾਰੈ ॥ ਜੀਅ ਪ੍ਰਾਨ ਸੂਖ ਇਸੁ ਮਨ ਕਉ ,ਬਰਤਨਿ ਏਹ ਹਮਾਰੈ ॥੧॥ਰਹਾਉ॥ ਨਾਮੁ ਜਾਤਿ ਨਾਮੁ ਮੇਰੀ ਪਤਿ ਹੈ, ਨਾਮੁ ਮੇਰੈ ਪਰਵਾਰੈ ॥ ਨਾਮੁ ਸਖਾਈ ਸਦਾ ਮੇਰੈ ਸੰਗਿ, ਹਰਿ ਨਾਮੁ ਮੋ ਕਉ ਨਿਸਤਾਰੈ ॥੧॥ ਬਿਖੈ ਬਿਲਾਸ ਕਹੀਅਤ ਬਹੁਤੇਰੇ, ਚਲਤ ਨ ਕਛੂ ਸੰਗਾਰੈ ॥ ਇਸਟੁ ਮੀਤੁ ਨਾਮੁ ਨਾਨਕ ਕੋ, ਹਰਿ ਨਾਮੁ ਮੇਰੈ ਭੰਡਾਰੈ ॥੨॥੨॥੭॥ (ਹੇ ਭਾਈ!) ਪ੍ਰਭੂ ਜੀ ਦਾ ਨਾਮ ਮਨ ਨੂੰ ਸਹਿਤ ਆਧਾਰ ਕਰਦਾ (ਆਸਰਾ ਦੇਂਦਾ) ਹੈ; ਵਿਸ਼ੇ ਵਿਕਾਰ ਮਿਟਾ ਕੇ ਮਨ ਨੂੰ ਸੁਧਾਰਨ ਵਾਲਾ ਹੈ।(ਨਾਮ ਹੀ) ਇਸ ਮਨ ਵਾਸਤੇ ਜਿੰਦ ਜਾਨ ਤੇ ਸੁਖ ਹੈ, ਸਾਡੇ ਲਈ ਇਹ (ਹਰ ਰੋਜ) ਵਰਤੋਂ ਵਿਚ ਆਉਣ ਵਾਲੀ ਚੀਜ ਹੈ।੧। ਰਹਾਉ।ਨਾਮ ਹੀ ਮੇਰੀ ਜਾਤ ਹੈ, ਨਾਮ ਹੀ ਮੇਰੀ ਇੱਜਤ ਹੈ ਅਤੇ ਨਾਮ ਹੀ ਮੇਰੇ ਲਈ ਪ੍ਰਵਾਰ ਹੈ।ਨਾਮ ਹੀ ਮੇਰੇ ਨਾਲ ਰਹਿ ਕੇ ਮੇਰੀ ਸਦਾ ਸਹਾਇਤਾ ਕਰਨ ਵਾਲਾ ਹੈ ਅਤੇ ਹਰੀ ਦਾ ਨਾਮ ਹੀ ਮੈਨੂੰ (ਸੰਸਾਰ ਸਮੁੰਦਰ ਤੋਂ) ਤਾਰਨ ਵਾਲਾ ਹੈ।੧।(ਹੇ

ਭਾਈ!) ਵਿਸ਼ਿਆਂ ਦੇ ਭੋਗ ਬਹੁਤ ਕਹੇ ਜਾਂਦੇ ਹਨ, (ਪਰ ਅੰਤ ਸਮੇਂ ਇਨ੍ਹਾਂ ਵਿਚੋਂ) ਕੁੱਛ ਵੀ ਨਾਲ ਨਹੀਂ ਚਲਦਾ। ਨਾਮ ਹੀ ਨਾਨਕ ਦਾ ਪਿਆਰਾ ਮਿਤ੍ਰ ਹੈ ਅਤੇ ਹਰੀ ਦਾ ਨਾਮ ਹੀ ਮੇਰੇ (ਹਿਰਦੇ ਰੂਪ) ਖਜਾਨੇ ਵਿਚ (ਧਨ) ਹੈ।੨।੨।੭।

ਪਦਾਰਥ = ਕੋ-ਦਾ। ਮਨਹਿ-ਮਨ ਨੂੰ। ਸਾਧਾਰੈ-ਆਧਾਰ ਸਹਿਤ ਕਰਦਾ (ਆਸਰਾ ਦੇਂਦਾ) ਹੈ; ਸੁਧਾਰਨ ਵਾਲਾ। ਜੀਅ ਪ੍ਰਾਨ-ਜਿੰਦ ਜਾਨ। ਮਨ ਕਉ-ਮਨ ਵਾਸਤੇ। ਬਰਤਨਿ-ਵਰਤੋਂ ਵਿਚ ਆਉਣ ਵਾਲੀ ਚੀਜ। ਹਮਾਰੈ-ਸਾਡੇ ਵਾਸਤੇ।੧। ਰਹਾਉ। ਪਤਿ-ਇੱਜਤ। ਪਰਵਾਰੈ-ਪ੍ਰਵਾਰ। ਸਖਾਈ-ਸਾਥੀ; ਸਹਾਇਤਾ ਕਰਨ ਵਾਲਾ। ਸੰਗਿ-ਨਾਲ। ਮੋਕਉ-ਮੈਨੂੰ। ਨਿਸਤਾਰੈ-ਤਾਰਨ ਵਾਲਾ ਹੈ।੧। ਬਿਖੈ ਬਿਲਾਸ-ਵਿਸ਼ਿਆਂ ਦੇ ਭੋਗ (ਵਿਸ਼ੇ ਪੈਦਾ ਕਰਨ ਵਾਲੇ ਖੇਲ ਤਮਾਸ਼ੇ)। ਬਹੁਤੇਰੇ-ਬਹੁਤ; ਬਥੇਰੇ। ਕਹੀਅਤ-ਕਹੇ ਜਾਂਦੇ ਹਨ। ਚਲਤ ਨ-ਨਹੀਂ ਚਲਦਾ (ਜਾਂਦਾ)। ਸੰਗਾਰੈ-ਨਾਲ। ਇਸਟੁ ਮੀਤੁ-ਪਿਆਰਾ ਮਿਤ੍ਰ। ਭੰਡਾਰੈ-ਖਜਾਨੇ ਵਿਚ।੨।੨।੭।

ਟੋਡੀ ਮਃ ੫ ॥ ਨੀਕੇ ਗੁਣ ਗਾਉ ਮਿਟਹੀ ਰੋਗ ॥ ਮੁਖ ਊਜਲ ਮਨੁ ਨਿਰਮਲ ਹੋਈ ਹੈ, ਤੇਰੋ ਰਹੈ ਈਹਾ ਊਹਾ ਲੋਗੁ ॥੧॥ਰਹਾਉ॥ ਚਰਨ ਪਖਾਰਿ ਕਰਉ ਗੁਰ ਸੇਵਾ, ਮਨਹਿ ਚਰਾਵਉ ਭੋਗ ॥ ਛੋਡਿ ਆਪਤੁ ਬਾਦੁ ਅਹੰਕਾਰਾ, ਮਾਨੁ ਸੋਈ ਜੋ ਹੋਗੁ ॥੧॥ ਸੰਤ ਟਹਲ ਸੋਈ ਹੈ ਲਾਗਾ, ਜਿਸੁ ਮਸਤਕਿ ਲਿਖਿਆ ਲਿਖੋਗੁ ॥ ਕਹੁ ਨਾਨਕ ਏਕ ਬਿਨੁ ਦੂਜਾ, ਅਵਰੁ ਨ ਕਰਣੈ ਜੋਗੁ ॥੨॥੩॥੮॥ (ਹੇ ਭਾਈ! ਪ੍ਰਭੂ ਦੇ) ਸੁੰਦਰ ਗੁਣ ਗਾਇਆ ਕਰ (ਜਿਸ ਨਾਲ ਤੇਰੇ ਸਾਰੇ) ਰੋਗ ਮਿਟ ਜਾਣਗੇ। (ਤੇਰਾ) ਮੁਖ ਉਜਲ ਹੋਵੇਗਾ ਤੇ ਮਨ ਨਿਰਮਲ ਹੋਵੇਗਾ ਅਤੇ ਤੇਰਾ ਇਹ ਲੋਕ (ਸੰਸਾਰ) ਉਹ ਪ੍ਰਲੋਕ ਰਹਿ (ਸੰਵਰ) ਜਾਵੇਗਾ।੧। ਰਹਾਉ। (ਹੇ ਭਾਈ!) ਚਰਨ ਧੋ ਕੇ ਗੁਰੂ ਦੀ ਸੇਵਾ ਕਰੋ ਅਤੇ (ਗੁਰੂ ਅੱਗੇ ਅਪਣੇ) ਮਨ ਨੂੰ ਹੀ ਭੋਗ ਦੇ ਤੌਰ ਤੇ ਚੜ੍ਹਾਵੋ। ਅਪਣੱਤ, ਝਗੜਾ ਤੇ ਹੰਕਾਰ ਛਡ ਕੇ ਉਹ ਹੀ ਮੰਨ, ਜੋ ਕੁਛ ਪ੍ਰਭੂ ਵੱਲੋਂ ਹੁੰਦਾ ਹੈ (ਜੋ ਪ੍ਰਭੂ ਕਰਦਾ ਹੈ, ਉਹ ਮਿੱਠਾ ਕਰਕੇ ਮੰਨ)।੧। ਸੰਤਾਂ ਦੀ ਸੇਵਾ ਕਰਨ ਉਹ ਪੁਰਖ ਹੀ ਲੱਗਾ ਹੈ, ਜਿਸ ਦੇ ਮੱਥੇ ਉਤੇ (ਧੁਰ ਤੋਂ ਸ੍ਰੇਸਟ) ਲੇਖ ਲਿਖਿਆ ਹੋਇਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਇਕ ਪ੍ਰਭੂ ਤੋਂ ਬਿਨਾ ਹੋਰ ਦੂਜਾ (ਕੋਈ ਕੁਛ) ਕਰਨ ਦੇ ਜੋਗ (ਸਮਰੱਥ) ਨਹੀਂ ਹੈ।੨।੩।੮।

ਪਦਾਰਥ = ਨੀਕੇ-ਸੁੰਦਰ; ਉਤਮ; ਨਿਰਮਲ। ਗਾਉ-ਗਾਇਆ ਕਰ। ਮਿਟਹੀ-ਮਿਟ ਜਾਣਗੇ। ਊਜਲ-ਰੌਸ਼ਨ। ਨਿਰਮਲ-ਪਵਿਤ੍ਰ। ਰਹੈ-ਸੰਵਰ ਜਾਏਗਾ। ਈਹਾ ਊਹਾ ਲੋਗੁ-ਇਹ ਲੋਕ ਤੇ ਉਹ ਲੋਕ (ਪ੍ਰਲੋਕ)।੧। ਰਹਾਉ। ਪਖਾਰਿ-ਧੋ ਕੇ। ਮਨਹਿ-ਮਨ ਨੂੰ। ਚਰਾਵਉ ਭੋਗ-ਪ੍ਰਸ਼ਾਦ ਚੜ੍ਹਾਵੋ। ਆਪਤੁ-ਅਪਣੱਤ। ਬਾਦੁ-ਝਗੜਾ; ਬਿਅਰਥ। ਮਾਨੁ-ਮੰਨ ਲੈ। ਸੋਈ-ਉਹ ਹੀ। ਹੋਗੁ-ਹੁੰਦਾ ਹੈ।੧। ਸੰਤ ਟਹਲ-ਸੰਤਾਂ ਦੀ ਟਹਿਲ (ਸੇਵਾ)। ਮਸਤਕਿ-ਮੱਥੇ ਉਤੇ। ਲਿਖੋਗੁ-ਲੇਖ। ਅਵਰੁ-ਹੋਰ। ਕਰਣੈ ਜੋਗੁ-ਕਰਨ ਦੇ ਜੋਗ (ਸਮਰੱਥ) ।੨।੩।੮।

ਟੋਡੀ ਮਹਲਾ ੫ ॥ ਸਤਿਗੁਰ ਆਇਓ ਸਰਣਿ ਤੁਹਾਰੀ ॥ ਮਿਲੈ ਸੂਖੁ ਨਾਮੁ ਹਰਿ ਸੋਭਾ, ਚਿੰਤਾ ਲਾਹਿ ਹਮਾਰੀ ॥੧॥ਰਹਾਉ॥ ਅਵਰੁ ਨ ਸੂਝੈ ਦੂਜੀ ਠਾਹਰ, ਹਾਰਿ ਪਰਿਓ ਤਉ ਦੁਆਰੀ ॥ ਲੇਖਾ ਛੋਡਿ ਅਲੇਖੈ ਛੂਟਹ, ਹਮ ਨਿਰਗੁਨ ਲੇਹੁ ਉਬਾਰੀ ॥੧॥ ਸਦ ਬਖਸਿੰਦੁ ਸਦਾ ਮਿਹਰਵਾਨਾ, ਸਭਨਾ ਦੇਇ ਅਧਾਰੀ ॥ ਨਾਨਕ ਦਾਸ ਸੰਤ ਪਾਛੈ ਪਰਿਓ, ਰਾਖਿ ਲੇਹੁ ਇਹ ਬਾਰੀ ॥੨॥੪॥੯॥ ਹੇ ਸਤਿਗੁਰੂ! ਮੈਂ ਤੇਰੀ ਸ਼ਰਣ ਵਿਚ ਆਇਆ ਹਾਂ। ਸੁਖ ਤੇ ਸੋਭਾ ਦੇਣ ਵਾਲਾ ਹਰੀ ਦਾ ਨਾਮ ਮੈਨੂੰ ਮਿਲ ਜਾਵੇ ਅਤੇ ਮੇਰੀ ਚਿੰਤਾ ਵੀ ਲਾਹ ਦਿਓ।੧। ਰਹਾਉ। (ਹੇ ਸਤਿਗੁਰੂ! ਮੈਨੂੰ ਤੇਰੇ ਬਿਨਾ) ਹੋਰ ਕੋਈ ਦੂਜੀ ਥਾਂ ਨਹੀਂ ਸੁਝਦੀ, (ਇਸ ਲਈ) ਮੈਂ ਥੱਕ ਹਾਰ ਕੇ ਤੇਰੇ ਦਰ ਤੇ ਆ ਪਿਆ ਹਾਂ। (ਹੇ ਪ੍ਰਭੂ! ਮੇਹਰ ਕਰ, ਮੇਰੇ) ਕਰਮਾਂ ਦਾ ਲੇਖਾ ਛਡ ਦੇਹ, ਲੇਖਾ ਨਾ ਹੋਵੇ, ਮੈਂ ਤਦੇ ਹੀ ਛੁਟ ਸਕਦਾ ਹਾਂ, ਮੈਂ ਗੁਣ ਹੀਣ ਹਾਂ, ਮੈਨੂੰ ਬਚਾ ਲੈ (ਹੇ ਪ੍ਰਭੂ! ਜੇ ਮੇਰੇ ਕਰਮਾਂ ਦਾ ਹਿਸਾਬ ਕਿਤਾਬ ਹੋਣ ਲਗ ਪਿਆ, ਤਾਂ ਬਚਣਾ ਮੁਸ਼ਕਲ ਹੈ, ਇਸ ਕਰਕੇ ਕਰਮਾਂ ਦਾ ਹਿਸਾਬ ਕੀਤੇ ਬਿਨਾ ਹੀ ਛੁਟਕਾਰਾ ਕਰ ਦੇਹ)।੧। ਪ੍ਰਭੂ ਸਦਾ ਹੀ (ਔਗਣ) ਮੁਆਫ ਕਰਨ ਵਾਲਾ ਹੈ ਤੇ ਸਦਾ ਮੇਹਰ ਕਰਨ ਵਾਲਾ ਹੈ ਅਤੇ ਸਭ ਜੀਵਾਂ ਨੂੰ ਆਸਰਾ ਦੇਂਦਾ ਹੈ। ਦਾਸ ਨਾਨਕ ਬੇਨਤੀ ਕਰਦਾ ਹੈ (ਕਿ ਹੇ ਪ੍ਰਭੂ! ਮੈਂ) ਸੰਤ ਗੁਰੂ ਦੇ ਪਿਛੇ ਪਿਆ ਹਾਂ, ਮੈਨੂੰ ਇਸੇ ਮਨੁੱਖਾ ਜਨਮ ਦੀ ਵਾਰੀ ਵਿਚ ਬਚਾ ਕੇ ਰੱਖ ਲੈ (ਮੁਕਤ ਕਰ ਦੇਹ)।੨।੪।੯।

ਪਦਾਰਥ = ਤੁਹਾਰੀ-ਤੇਰੀ। ਲਾਹਿ-ਲਾਹ (ਦੂਰ ਕਰ) ਦੇਹ। ਹਮਾਰੀ-ਮੇਰੀ।੧। ਰਹਾਉ। ਅਵਰੁ-ਹੋਰ। ਨ ਸੂਝੈ-ਸੁੱਝਦਾ ਨਹੀਂ ।

ਠਾਹਰ-ਥਾਂ ਟਿਕਾਣਾ; ਆਸਰਾ।ਹਾਰਿ ਪਰਿਓ-ਹਾਰ ਕੇ ਆ ਪਿਆ ਹਾਂ।ਤਉ ਦੁਆਰੀ-ਤੇਰੇ ਦਰ ਤੇ।ਲੇਖਾ-ਕਰਮਾਂ ਦਾ ਹਿਸਾਬ।ਅਲੇਖੈ- ਲੇਖੇ ਤੋਂ ਬਿਨਾ।ਛੂਟਹ-ਛੁਟ ਸਕਦਾ ਹਾਂ।ਹਮ-ਮੈਂ।ਨਿਰਗੁਨ-ਗੁਣ ਹੀਣ।ਲੇਹੁ ਉਬਾਰੀ-ਬਚਾ ਲੈ।੧।ਸਦ-ਸਦਾ।ਬਖਸਿੰਦ-ਮਾਫ ਕਰਨ ਵਾਲਾ।ਸਭਨਾ-ਸਾਰੇ ਜੀਵਾਂ ਨੂੰ।ਦੇਇ ਅਧਾਰੀ-ਆਸਰਾ ਦੇਂਦਾ ਹੈ।ਸੰਤ ਪਾਛੈ ਪਰਿਓ-ਸੰਤ ਗੁਰੂ ਦੇ ਪਿਛੇ (ਸ਼ਰਨ ਵਿਚ) ਪਿਆ ਹੈ।ਰਾਖਿ ਲੇਹੁ-ਬਚਾ ਕੇ ਰੱਖ ਲੈ।ਇਹ ਬਾਰੀ-(ਮਨੁੱਖਾ ਜਨਮ ਦੀ) ਇਸੇ ਬਾਰੀ ਵਿਚ।੨।੪।੯।

ਟੋਡੀ ਮਹਲਾ ੫ ਰਸਨਾ ਗੁਣ ਗੋਪਾਲ ਨਿਧਿ ਗਾਇਣ ॥ (ਹੇ ਭਾਈ! ਜਿਨ੍ਹਾਂ ਪੁਰਖਾਂ ਨੇ) ਜੀਭ ਨਾਲ ਸੁੱਖਾਂ ਦੇ ਖਜਾਨੇ ਧਰਤੀ ਦੀ ਪਾਲਣਾ ਕਰਨ ਵਾਲੇ ਪ੍ਰਭੂ ਦੇ ਗੁਣਾਂ ਦਾ ਗਾਇਨ ਕੀਤਾ ਹੈ।

ਅੰਗ ੭੧੪ = ਸਾਂਤਿ ਸਹਜੁ ਰਹਸੁ ਮਨਿ ਉਪਜਿਓ, ਸਗਲੇ ਦੂਖ ਪਲਾਇਣ ॥੧॥ਰਹਾਉ॥ ਜੋ ਮਾਗਹਿ ਸੋਈ ਸੋਈ ਪਾਵਹਿ, ਸੇਵਿ ਹਰਿ ਕੇ ਚਰਣ ਰਸਾਇਣ ॥ ਜਨਮ ਮਰਣ ਦੁਹਹੂ ਤੇ ਛੂਟਹਿ, ਭਵਜਲੁ ਜਗਤੁ ਤਰਾਇਣ ॥੧॥ ਖੋਜਤ ਖੋਜਤ ਤਤੁ ਬੀਚਾਰਿਓ, ਦਾਸ ਗੋਵਿੰਦ ਪਰਾਇਣ ॥ ਅਬਿਨਾਸੀ ਖੇਮ ਚਾਹਹਿ ਜੇ ਨਾਨਕ, ਸਦਾ ਸਿਮਰਿ ਨਾਰਾਇਣ ॥੨॥੫॥੧੦॥ (ਉਨ੍ਹਾਂ ਦੇ) ਮਨ ਵਿਚ ਸ਼ਾਂਤੀ, ਅਡੋਲਤਾ ਤੇ ਅਨੰਦ ਪੈਦਾ ਹੋਇਆ ਹੈ ਅਤੇ ਸਾਰੇ ਦੁਖ ਦੌੜ ਗਏ ਹਨ।੧।ਰਹਾਉ।(ਹੇ ਭਾਈ!) ਰਸਾਂ ਦੇ ਘਰ ਹਰੀ ਦੇ ਚਰਣਾਂ ਦੀ ਸੇਵਾ ਕਰਕੇ (ਮਨੁੱਖ ਉਸ ਤੋਂ) ਜੋ ਕੁਛ ਵੀ ਮੰਗਦੇ ਹਨ, ਉਹ ਹੀ (ਪਦਾਰਥ) ਉਹ ਪਾ ਲੈਂਦੇ ਹਨ।ਉਹ ਜਨਮ ਮਰਨ ਦੋਹਾਂ ਤੋਂ ਛੁਟ ਜਾਂਦੇ ਹਨ ਅਤੇ ਜਗਤ ਨੂੰ ਵੀ ਸੰਸਾਰ ਸਮੁੰਦਰ ਤੋਂ ਤਾਰ ਦੇਂਦੇ ਹਨ।੧।(ਹੇ ਭਾਈ!) ਖੋਜਦਿਆਂ ਖੋਜਦਿਆਂ ਇਹ ਤੱਤ ਵਿਚਾਰਿਆ ਹੈ ਕਿ ਸੇਵਕ ਗੋਬਿੰਦ ਦੇ ਆਸਰੇ ਰਹਿੰਦੇ ਹਨ।ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਭਾਈ!) ਜੇ ਤੂੰ ਨਾਸ਼ ਰਹਿਤ ਸੁਖ ਪ੍ਰਾਪਤ ਕਰਨਾ ਚਾਹੁੰਦਾ ਹੈਂ, ਤਾਂ ਸਦਾ ਨਰਾਇਣ ਦਾ ਸਿਮਰਨ ਕਰਿਆ ਕਰ।੨।੫।੧੦।

ਪਦਾਰਥ = ਰਸਨਾ-ਜੀਭ ਨਾਲ।ਗੋਪਾਲ-ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਪ੍ਰਭੂ।ਨਿਧਿ-ਸੁੱਖਾਂ ਦਾ ਖਜਾਨਾ।ਸਹਜੁ-ਅਡੋਲਤਾ; ਗਿਆਨ।ਰਹਸੁ-ਅਨੰਦ।ਮਨਿ-ਮਨ ਵਿਚ।ਸਗਲੇ-ਸਾਰੇ।ਪਲਾਇਣ-ਦੌੜ ਗਏ ਹਨ।੧।ਰਹਾਉ।ਸੋਈ ਸੋਈ-ਉਹ ਉਹ ਹੀ। ਸੇਵਿ-ਸੇਵਾ ਕਰਕੇ।ਰਸਾਇਣ-ਰਸਾਂ ਦਾ ਘਰ।ਦੁਹਹੂ ਤੇ-ਦੋਹਾਂ ਤੋਂ।ਛੂਟਹਿ-ਛੁਟ (ਮੁਕਤ ਹੋ) ਜਾਂਦੇ ਹਨ।ਭਵਜਲੁ ਜਗਤੁ ਤਰਾਇਣ -ਜਗਤ ਨੂੰ ਸੰਸਾਰ ਸਮੁੰਦਰ ਤੋਂ ਤਾਰ ਦੇਂਦੇ ਹਨ।੧।ਤਤੁ ਬੀਚਾਰਿਓ-ਅਸਲੀਅਤ ਨੂੰ ਵਿਚਾਰਿਆ ਹੈ; ਨਿਚੋੜ ਕੱਢਿਆ ਹੈ।ਪਰਾਇਣ -ਆਸਰੇ।ਅਬਿਨਾਸੀ-ਨਾਸ਼ ਰਹਿਤ (ਸਦੀਵੀ) ਸੁੱਖ।ਚਾਹਹਿ-ਤੂੰ ਚਾਹੁੰਦਾ ਹੈਂ।ਨਾਰਾਇਣ-ਪ੍ਰਮਾਤਮਾ ਦਾ।੨।੫।੧੦।

ਉਥਾਨਕਾ = ਇਕ ਸਰਕਾਰੀ ਹਾਕਮ ਸੁਲਹੀ ਖਾਨ ਗੁਰੂ ਅਰਜਨ ਦੇਵ ਜੀ ਨੂੰ ਨੁਕਸਾਨ ਪਹੁੰਚਾਣ ਆਇਆ ਸੀ।ਸੁਲਹੀ ਨੇ ਅਪਣਾ ਕੀਤਾ ਪਾ ਲਿਆ, ਭੱਠੇ ਵਿਚ ਸਮੇਤ ਘੋੜੇ ਦੇ ਗਿਰ ਕੇ ਬਲਦੀ ਅੱਗ ਵਿਚ ਸੜ ਕੇ ਮਰ ਗਿਆ।ਜਦੋਂ ਸੁਲਹੀ ਦੇ ਮਰਨ ਦੀ ਖਬਰ ਗੁਰੂ ਜੀ ਕੋਲ ਪੁੱਜੀ, ਤਾਂ ਗੁਰੂ ਜੀ ਨੇ ਰੱਬ ਦਾ ਸ਼ੁਕਰਾਨਾ ਕਰਦੇ ਹੋਏ ਇਹ ਸ਼ਬਦ ਉਚਾਰਿਆ।

ਟੋਡੀ ਮਹਲਾ ੫ ॥ ਨਿੰਦਕੁ ਗੁਰ ਕਿਰਪਾ ਤੇ ਹਾਟਿਓ ॥ ਪਾਰਬ੍ਰਹਮ ਪ੍ਰਭ ਭਏ ਦਇਆਲਾ, ਸਿਵ ਕੈ ਬਾਣਿ ਸਿਰੁ ਕਾਟਿਓ ॥੧॥ਰਹਾਉ॥ ਕਾਲੁ ਜਾਲੁ ਜਮੁ ਜੋਹਿ ਨ ਸਾਕੈ, ਸਚ ਕਾ ਪੰਥਾ ਥਾਟਿਓ ॥ ਖਾਤ ਖਰਚਤ ਕਿਛੁ ਨਿਖੁਟਤ ਨਾਹੀ, ਰਾਮ ਰਤਨੁ ਧਨੁ ਖਾਟਿਓ ॥੧॥ ਭਸਮਾ ਭੂਤ ਹੋਆ ਖਿਨ ਭੀਤਰਿ, ਅਪਨਾ ਕੀਆ ਪਾਇਆ ॥ ਆਗਮ ਨਿਗਮੁ ਕਹੈ ਜਨੁ ਨਾਨਕੁ ,ਸਭੁ ਦੇਖੈ ਲੋਕੁ ਸਬਾਇਆ ॥੨॥੬ ॥੧੧॥ (ਹੇ ਭਾਈ!) ਗੁਰੂ ਦੀ ਕ੍ਰਿਪਾ ਨਾਲ ਨਿੰਦਕ (ਸਾਥੋਂ ਪਰੇ) ਹਟ ਗਿਆ ਹੈ (ਸੁਲਹੀ ਖਾਨ ਦੂਰ ਹੋ ਗਿਆ ਹੈ)।ਪਾਰਬ੍ਰਹਮ ਪ੍ਰਭੂ (ਸਾਡੀ ਰੱਖਿਆ ਕਰਨ ਵਾਸਤੇ) ਦਿਆਲੂ ਹੋਇਆ ਹੈ ਅਤੇ ਕਲਿਆਣ ਸਰੂਪ ਪ੍ਰਭੂ ਦੇ ਤੀਰ ਨੇ (ਨਿੰਦਕ ਦਾ) ਸਿਰ ਕੱਟ ਦਿਤਾ।੧। ਰਹਾਉ।ਜਮ ਅਪਣਾ ਕਾਲ ਰੂਪ ਜਾਲ ਪਾ ਕੇ (ਸਾਡੇ ਵੱਲ) ਦੇਖ ਵੀ ਨਹੀਂ ਸਕਦਾ, (ਕਿਉਂਕਿ ਅਸੀਂ) ਸੱਚ ਦਾ ਰਸਤਾ ਕਾਇਮ ਕੀਤਾ ਹੈ।ਰਾਮ ਦਾ ਅਮੋਲਕ ਨਾਮ ਰੂਪ ਧਨ (ਅਸੀਂ) ਖੱਟਿਆ ਹੈ, ਜੋ ਖਾਂਦਿਆ ਖਰਚਦਿਆਂ (ਆਪ ਜਪਣ ਤੇ ਹੋਰਨਾਂ ਨੂੰ ਜਪਾਉਣ ਨਾਲ) ਕੁਛ ਮੁੱਕਦਾ ਨਹੀਂ।੧।(ਹੇ ਭਾਈ! ਨਿੰਦਕ) ਇਕ ਖਿਨ ਦੇ ਅੰਦਰ ਹੀ ਸੜ ਕੇ ਸੁਆਹ ਹੋ ਗਿਆ, (ਉਸ ਨੇ) ਅਪਣੇ ਕੀਤੇ ਕਰਮ ਦਾ ਫਲ ਪਾ ਲਿਆ ਹੈ।ਸਾਰਾ ਜਗਤ ਅਤੇ ਸਭ ਕੋਈ ਦੇਖਦਾ ਹੈ (ਕਿ ਕਿਵੇਂ ਪ੍ਰਭੂ ਅਪਣੇ ਸੇਵਕ ਦਾ ਸਹਾਈ ਹੋਇਆ ਹੈ ਅਤੇ ਕਿਵੇਂ ਨਿੰਦਕ ਦਾ ਬੁਰਾ ਹਾਲ ਹੋਇਆ), ਦਾਸ ਨਾਨਕ ਇਹ ਅਗੰਮੀ ਗੱਲ ਆਖਦਾ ਹੈ।੨।੬।੧੧।

ਪਦਾਰਥ = ਤੇ–ਤੋਂ; ਨਾਲ।ਹਾਟਿਓ–ਹਟ (ਦੂਰ ਹੋ) ਗਿਆ।ਭਏ–ਹੋਏ।੧।ਰਹਾਉ।ਕਾਲੁ ਜਾਲੁ–ਮੌਤ ਰੂਪ ਫਾਹੀ।ਜੋਹਿ ਨ ਸਾਕੈ–ਦੇਖ ਨਹੀਂ ਸਕਦਾ।ਸਚ ਕਾ ਪੰਥਾ–ਸੱਚੇ ਪ੍ਰਭੂ ਦਾ ਨਾਮ ਜਪਣ ਦਾ ਮਾਰਗ।ਥਾਟਿਓ–ਕਾਇਮ ਕੀਤਾ; ਬਣਾਇਆ ਹੈ।ਖਾਤ–ਖਾਂਦਿਆਂ।ਖਰਚਤ–ਖਰਚਦਿਆਂ (ਹੋਰਨਾਂ ਨੂੰ ਜਪਾਉਂਦਿਆਂ)।ਨਿਖੁਟਤ ਨਾਹੀ–ਮੁੱਕਦਾ ਨਹੀਂ।ਰਾਮ ਰਤਨੁ–ਪ੍ਰਭੂ ਦਾ ਅਮੋਲਕ ਨਾਮ।ਖਾਟਿਓ–ਕਮਾਇਆ।੧।ਭਸਮਾ ਭੂਤ ਹੋਆ–ਸੜ ਕੇ ਸੁਆਹ ਹੋ ਗਿਆ; ਗੋਹੇ ਦੀ ਪਾਥੀ ਦੀ ਸੁਆਹ (ਗੁ.ਗ੍ਰੰ. ਕੋਸ਼)।ਖਿਨ ਭੀਤਰਿ–ਇਕ ਖਿਨ ਦੇ ਅੰਦਰ ਹੀ।ਕੀਆ ਪਾਇਆ–ਕੀਤੇ ਕਰਮ ਦਾ ਫਲ ਪਾਇਆ।ਆਗਮ ਨਿਗਮੁ–ਅਗੰਮੀ ਗੱਲ (ਮਨ ਤੇ ਬੁੱਧੀ ਤੋਂ ਪਰੇ ਦਾ ਗਿਆਨ, ਜੋ ਆਮ ਲੋਕਾਂ ਦੀ ਸਮਝ ਵਿਚ ਨਹੀਂ ਆਉਂਦਾ)।ਜਨੁ ਨਾਨਕੁ–ਦਾਸ ਨਾਨਕ।ਲੋਕੁ ਸਬਾਇਆ–ਸਾਰਾ ਜਗਤ।੨।੬।੧੧।

ਸਿਵ ਕੈ ਬਾਨਿ = ੧. ਕਲਿਆਣ ਸਰੂਪ ਪ੍ਰਭੂ ਦੇ ਤੀਰ ਨੇ।੨. ਸ਼ਿਵ ਜੀ ਦੇ ਤ੍ਰਿਸ਼ੂਲ ਨਾਲ।੩. ਕਲਿਆਣ ਸਰੂਪ ਗੁਰੂ ਦੀ ਬਾਣੀ ਨਾਲ (ਗੁਰੂ ਜੀ ਨੇ ਬਚਨ ਕੀਤਾ ਸੀ ਕਿ ਸੁਲਹੀ ਸਾਡੇ ਤਕ ਪਹੁੰਚ ਹੀ ਨਹੀਂ ਸਕੇਗਾ)।੪. ਅਮੋਘ ਤੀਰ ਨਾਲ (ਅਜੇਹਾ ਤੀਰ ਜੋ ਨਿਸ਼ਾਨੇ ਤੇ ਲੱਗੇ ਬਿਨਾ ਨਾ ਰਹੇ)।੫. ਕਲਿਆਣ ਸਰੂਪ ਪ੍ਰਭੂ ਦੀ ਨਾਮ ਬਾਣੀ ਦੇ ਤੀਰ ਨੇ ਸਿਰ (ਹੰਕਾਰ) ਕੱਟ ਦਿਤਾ।

ਟੋਡੀ ਮਃ ੫ ॥ ਕਿਰਪਨ ਮਨ ਤਨ ਕਿਲਵਿਖ ਭਰੇ ॥ ਸਾਧ ਸੰਗਿ ਭਜਨੁ ਕਰਿ ਸੁਆਮੀ, ਢਾਕਨ ਕਉ ਇਕੁ ਹਰੇ ॥੧॥ਰਹਾਉ॥ ਅਨਿਕ ਛਿਦ੍ਰ ਬੋਹਿਥ ਕੇ ਛੁਟਕਤ, ਥਾਮ ਨ ਜਾਹੀ ਕਰੇ ॥ ਜਿਸ ਕਾ ਬੋਹਿਥੁ ਤਿਸੁ ਆਰਾਧੇ, ਖੋਟੇ ਸੰਗਿ ਖਰੇ ॥੧॥ ਗਲੀ ਸੈਲ ਉਠਾਵਤ ਚਾਹੈ, ਓਇ ਊਹਾ ਹੀ ਹੈ ਧਰੇ ॥ ਜੋਰੁ ਸਕਤਿ ਨਾਨਕ ਕਿਛੁ ਨਾਹੀ, ਪ੍ਰਭ ਰਾਖਹੁ ਸਰਣਿ ਪਰੇ ॥੨॥੭॥੧੨॥ ਹੇ ਸੂਮ ਮਨੁੱਖ! ਤੇਰਾ ਤਨ ਤੇ ਮਨ ਪਾਪਾਂ ਨਾਲ ਭਰਿਆ ਪਿਆ ਹੈ।ਤੂੰ ਸਾਧ ਸੰਗਤ ਨਾਲ ਮਿਲ ਕੇ ਮਾਲਕ ਪ੍ਰਭੂ ਦਾ ਭਜਨ ਕਰਿਆ ਕਰ, ਤੇਰੇ ਪਾਪ ਢਕਣ ਲਈ ਇਕ ਹਰੀ ਹੀ (ਸਮਰੱਥ) ਹੈ।੧।ਰਹਾਉ।(ਹੇ ਭਾਈ! ਜਿਵੇਂ) ਜਹਾਜ ਦੀਆਂ ਅਨੇਕਾਂ ਮੋਰੀਆਂ ਖੁੱਲ੍ਹ ਜਾਣ (ਛੇਕਾਂ ਰਾਹੀਂ ਪਾਣੀ ਅੰਦਰ ਜਾਣ ਲਗ ਪਵੇ) ਤਾਂ ਉਹ ਹੱਥ ਨਾਲ ਰੋਕੇ ਨਹੀਂ ਜਾ ਸਕਦੇ।(ਪਰ) ਜਿਸ ਦਾ ਸਰੀਰ ਰੂਪ ਜਹਾਜ ਹੈ, ਜੇ ਉਸ ਨੂੰ ਚੇਤੇ ਕਰੇ (ਤਾਂ ਉਹ ਅਜੇਹਾ ਪ੍ਰਬੰਧ ਕਰ ਦਿੰਦਾ ਹੈ ਕਿ) ਚੰਗੇ ਬੰਦਿਆਂ ਨਾਲ ਖੋਟਿਆਂ ਨੂੰ ਵੀ ਪਾਰ ਕਰ ਦੇਂਦਾ ਹੈ (ਮਨੁੱਖ ਦੇ ਸਰੀਰ ਵਿਚ ਬੇਅੰਤ ਔਗਣ ਹਨ, ਜੋ ਸਾਡੇ ਇੰਦ੍ਰਿਆਂ ਰਾਹੀਂ ਸਰੀਰ ਅੰਦਰ ਦਾਖਲ ਹੋਈ ਜਾਂਦੇ ਹਨ, ਉਨ੍ਹਾਂ ਇੰਦ੍ਰਿਆਂ ਨੂੰ ਬੰਦ ਕਰ ਕੇ ਔਗਣ ਅੰਦਰ ਦਾਖਲ ਹੋਣੋਂ ਮਨੁੱਖ ਰੋਕ ਨਹੀਂ ਸਕਦਾ।ਜੇ ਮਨੁੱਖ ਜੀਵਨ ਦੇ ਬਣਾਉਣ ਸਵਾਰਨ ਵਾਲੇ ਮਾਲਕ ਨੂੰ ਯਾਦ ਕਰੇ, ਤਾਂ ਮਾਲਕ ਚੰਗੇ ਬੰਦਿਆਂ ਨਾਲ ਮਿਲਾ ਕੇ ਖੋਟਿਆਂ ਨੂੰ ਵੀ ਪਾਰ ਕਰ ਦਿੰਦਾ ਹੈ)।੧।(ਜੇ ਕੋਈ ਮਨੁੱਖ) ਗੱਲਾਂ ਨਾਲ ਪਹਾੜ ਨੂੰ ਉਠਾਉਣਾ ਚਾਹੇ, ਉਹ (ਪਹਾੜ ਤਾਂ) ਉਥੇ ਹੀ ਟਿਕਿਆ ਰਹਿੰਦਾ ਹੈ (ਜਿੱਥੇ ਉਹ ਹੈ, ਗੱਲਾਂ ਨਾਲ ਪਾਪ ਨਾਸ਼ ਨਹੀਂ ਹੁੰਦੇ, ਨਾਮ ਸਿਮਰਨ ਤੋਂ ਬਿਨਾ ਪਾਪ ਜਿਉਂ ਦੇ ਤਿਉਂ ਰਹਿੰਦੇ ਹਨ)।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪ੍ਰਭੂ! (ਔਗਣਾਂ ਤੋਂ ਬਚਣ ਲਈ ਸਾਡੇ ਸੰਸਾਰੀ ਲੋਕਾਂ ਵਿਚ) ਕੁਛ ਜੋਰ ਤੇ ਤਾਕਤ ਨਹੀਂ ਹੈ, (ਅਸੀਂ ਆਪ ਜੀ ਦੀ) ਸ਼ਰਣ ਵਿਚ ਪਏ ਹਾਂ, (ਤੁਸੀਂ ਸਾਡੀ) ਲਾਜ ਰੱਖੋ।੨।੭।੧੨।

ਪਦਾਰਥ = ਕਿਰਪਨ–ਸੂਮ ਮਨੁੱਖ; ਦੁਖੀ; ਤੰਗ ਦਿਲ ਵਾਲਾ।ਤਨ–ਸਰੀਰ।ਕਿਲਵਿਖ–ਪਾਪ।ਸੁਆਮੀ–ਮਾਲਕ ਪ੍ਰਭੂ।ਢਾਕਨ ਕਉ–ਢਕਣ ਲਈ।ਹਰੇ–ਹਰੀ।੧।ਰਹਾਉ।ਛਿਦ੍ਰ–ਛੇਕ; ਮੋਰੀਆਂ।ਬਹਿਥ ਕੇ–ਜਹਾਜ ਦੇ।ਛੁਟਕਤ–ਜੇ ਖੁੱਲ੍ਹ ਜਾਣ।ਥਾਮ ਨ ਜਾਹੀ–ਰੋਕੇ ਨਹੀਂ ਜਾ ਸਕਦੇ।ਕਰੇ–ਹੱਥਾਂ ਨਾਲ।ਆਰਾਧੇ–ਯਾਦ ਕਰੇ।ਸੰਗਿ ਖਰੇ–ਚੰਗੇ ਬੰਦਿਆਂ ਨਾਲ।੧।ਗਲੀ (ਗੱਲੀਂ ਬੋਲੋ)–ਗੱਲਾਂ ਨਾਲ।ਸੈਲ–ਪਹਾੜ।ਓਇ–ਉਹ।ਊਹਾ ਹੀ–ਉਥੇ ਹੀ।ਧਰੇ–ਟਿਕਿਆ ਹੈ।ਸਕਤਿ–ਤਾਕਤ।ਸਰਣਿ ਪਰੇ–ਸ਼ਰਣ ਪਏ ਹਾਂ।੨।੭।੧੨।

ਟੋਡੀ ਮਹਲਾ ੫ ॥ ਹਰਿ ਕੇ ਚਰਨ ਕਮਲ ਮਨਿ ਧਿਆਉ ॥ ਕਾਢਿ ਕੁਠਾਰੁ ਪਿਤ ਬਾਤ ਹੰਤਾ, ਅਉਖਧੁ ਹਰਿ ਕੋ ਨਾਉ ॥੧॥ਰਹਾਉ॥ ਤੀਨੇ ਤਾਪ ਨਿਵਾਰਣਹਾਰਾ, ਦੁਖ ਹੰਤਾ ਸੁਖ ਰਾਸਿ ॥ ਤਾ ਕਉ ਬਿਘਨੁ ਨ ਕੋਊ ਲਾਗੈ, ਜਾ ਕੀ ਪ੍ਰਭ ਆਗੈ ਅਰਦਾਸਿ ॥੧॥ ਸੰਤ ਪ੍ਰਸਾਦਿ ਬੈਦ ਨਾਰਾਇਣ, ਕਰਣ ਕਾਰਣ ਪ੍ਰਭ ਏਕ ॥ ਬਾਲ ਬੁਧਿ ਪੂਰਨ ਸੁਖ ਦਾਤਾ, ਨਾਨਕ ਹਰਿ ਹਰਿ ਟੇਕ ॥੨॥੮॥੧੩॥ (ਹੇ

ਭਾਈ!) ਮਨ ਵਿਚ ਹਰੀ ਦੇ ਚਰਨ ਕਮਲਾਂ ਦਾ ਧਿਆਨ ਕਰੋ।(ਜਿਵੇਂ) ਕੁਠਾਰ ਨੂੰ ਕਾੜ੍ਹ ਕੇ ਬਣਾਇਆ ਕਾੜ੍ਹਾ ਸਰੀਰ ਦੀ ਗਰਮੀ ਤੇ ਵਾਈ ਨੂੰ ਨਾਸ਼ ਕਰਨ ਵਾਲਾ ਹੈ, (ਇਸੇ ਤਰ੍ਹਾਂ) ਹਰੀ ਦਾ ਨਾਮ ਵੀ ਦਵਾਈ ਹੈ (ਜੋ ਮਨ ਦੇ ਵਿਕਾਰ ਨਾਸ਼ ਕਰਦਾ ਹੈ); ਹਰੀ ਦਾ ਨਾਮ ਐਸੀ ਦਵਾਈ ਹੈ, ਜੋ ਪਿਤ ਬਾਤ (ਕ੍ਰੋਧ ਤੇ ਲੋਭ) ਦੇ ਕੋੜ੍ਹ ਨੂੰ ਬਾਹਰ ਕੱਢ ਕੇ ਨਾਸ਼ ਕਰਨ ਵਾਲਾ ਹੈ।੧।ਰਹਾਉ।(ਹੇ ਭਾਈ! ਪ੍ਰਭੂ ਦਾ ਨਾਮ ਮਨੁੱਖ ਦੇ ਅੰਦਰੋਂ) ਤਿੰਨੇ ਕਿਸਮ ਦੇ ਤਾਪ (ਆਧਿ, ਬਿਆਧਿ ਤੇ ਉਪਾਧਿ) ਦੂਰ ਕਰਨ ਵਾਲਾ ਹੈ, ਦੁਖਾਂ ਦਾ ਨਾਸ਼ ਕਰਨ ਵਾਲਾ ਅਤੇ ਸੁਖਾਂ ਦੀ ਪੂੰਜੀ ਹੈ।ਉਸ (ਮਨੁੱਖ) ਨੂੰ ਕੋਈ ਵੀ ਬਿਘਨ ਨਹੀਂ ਲਗਦਾ, ਜਿਸ ਦੀ ਪ੍ਰਭੂ ਦੇ ਅੱਗੇ ਅਰਦਾਸ ਹੁੰਦੀ ਹੈ।੧।ਇਕ ਪ੍ਰਭੂ ਹੀ ਸਾਰੇ ਕਾਰਣਾਂ ਦੇ ਕਰਨ ਵਾਲਾ (ਜਗਤ ਦਾ ਮੂਲ ਕਾਰਣ ਹੈ, ਜੀਵਾਂ ਦੇ ਰੋਗ ਦੂਰ ਕਰਨ ਵਾਲਾ ਉਹ) ਬੈਦ ਪ੍ਰਾਮਾਤਮਾ ਸੰਤ ਗੁਰੂ ਦੀ ਕ੍ਰਿਪਾ ਨਾਲ ਮਿਲਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਬਾਲਕਾਂ ਵਰਗੀ ਸਰਲ ਬੁੱਧੀ ਵਾਲਿਆਂ (ਭੋਲੇ ਭਾਲੇ ਮਾਸੂਮ ਮਨੁੱਖਾਂ) ਨੂੰ ਹਰੀ ਪੂਰਨ ਸੁਖ ਦੇਣ ਵਾਲਾ ਹੈ ਅਤੇ ਹਰੀ (ਹੀ ਉਨ੍ਹਾਂ ਦਾ) ਆਸਰਾ ਹੈ।੨।੮।੧੩।

ਪਦਾਰਥ = ਚਰਨ ਕਮਲ–ਕਮਲ ਫੁੱਲ ਵਰਗੇ ਚਰਨ।ਮਨਿ–ਮਨ ਵਿਚ।ਧਿਆਉ–ਧਿਆਨ ਕਰੋ।ਕਾਢਿ–ਕਾੜ੍ਹ ਕੇ।ਕੁਠਾਰੁ–ਇਕ ਬ੍ਰਿਛ ਦਾ ਛਿਲਕਾ (ਜੋ ਦਵਾਈਆਂ ਤੇ ਧੂਪ ਵਿਚ ਵਰਤਿਆ ਜਾਂਦਾ ਹੈ, ਕਸ਼ਮੀਰ ਵਿਚ ਬਹੁਤ ਹੁੰਦਾ ਹੈ); ਕੋੜ੍ਹ (ਇਥੇ ਕੁਠਾਰੁ ਦੇ ਅਰਥ ਕੁਹਾੜਾ ਨਹੀਂ ਹੈ)।ਪਿਤ–ਗਰਮੀ (ਕ੍ਰੋਧ)।ਬਾਤ–ਵਾਈ (ਲੋਭ)।ਹੰਤਾ–ਨਾਸ਼ ਕਰਨ ਵਾਲਾ।ਅਉਖਧੁ–ਦਵਾਈ।ਕੋ–ਦਾ।੧। ਰਹਾਉ।ਤੀਨੇ ਤਾਪ–ਆਧਿ, ਬਿਆਧਿ ਤੇ ਉਪਾਧਿ (ਸਰੀਰਕ, ਮਾਨਸਕ ਤੇ ਝਗੜਿਆਂ) ਦੇ ਰੋਗ।ਨਿਵਾਰਣਹਾਰਾ–ਦੂਰ ਕਰਨ ਵਾਲਾ।ਰਾਸਿ–ਪੂੰਜੀ।ਤਾ ਕਉ–ਉਸ ਨੂੰ।ਬਿਘਨ–ਬਣਦੇ ਕੰਮ ਵਿਚ ਪੈਣ ਵਾਲੀ ਰੁਕਾਵਟ।ਜਾ ਕੀ–ਜਿਸ ਦੀ।੧।ਪ੍ਰਸਾਦਿ–ਕ੍ਰਿਪਾ ਨਾਲ।ਕਰਣ ਕਾਰਣ–ਸਾਰੇ ਕਾਰਨਾਂ ਦੇ ਕਰਨ ਵਾਲਾ (ਸੰਸਾਰ ਰਚਨਾ ਦਾ ਮੂਲ ਕਾਰਣ)।ਬਾਲ ਬੁਧਿ–ਬਾਲਕਾਂ ਵਾਲੀ ਸਰਲ ਬੁੱਧੀ ਵਾਲੇ ਮਨੁੱਖ। ਪੂਰਨ ਸੁਖ ਦਾਤਾ–ਪੂਰਾ ਸੁਖ ਦੇਣ ਵਾਲਾ।ਟੇਕ–ਆਸਰਾ।੨।੮।੧੩।

ਟੋਡੀ ਮਹਲਾ ੫ ॥ ਹਰਿ ਹਰਿ ਨਾਮੁ ਸਦਾ ਸਦ ਜਾਪਿ ॥ ਧਾਰਿ ਅਨੁਗ੍ਰਹੁ ਪਾਰਬ੍ਰਹਮ ਸੁਆਮੀ, ਵਸਦੀ ਕੀਨੀ ਆਪਿ ॥੧॥ਰਹਾਉ॥ ਜਿਸ ਕੇ ਸੇ ਫਿਰਿ ਤਿਨ ਹੀ ਸਮ੍ਹਾਲੇ, ਬਿਨਸੇ ਸੋਗ ਸੰਤਾਪ ॥ ਹਾਥ ਦੇਇ ਰਾਖੇ ਜਨ ਅਪਨੇ, ਹਰਿ ਹੋਏ ਮਾਈ ਬਾਪ ॥੧॥ ਜੀਅ ਜੰਤ ਹੋਏ ਮਿਹਰਵਾਨਾ, ਦਯਾ ਧਾਰੀ ਹਰਿ ਨਾਥ ॥ ਨਾਨਕ ਸਰਨਿ ਪਰੇ ਦੁਖ ਭੰਜਨ, ਜਾ ਕਾ ਬਡ ਪਰਤਾਪ ॥੨॥੯॥੧੪॥ (ਹੇ ਭਾਈ!) ਹਰੀ ਦਾ ਨਾਮ ਸਦਾ ਸਦਾ ਜਪਿਆ ਕਰ।ਪ੍ਰਭੂ ਮਾਲਕ ਨੇ ਕ੍ਰਿਪਾ ਕਰਕੇ ਆਪ ਹੀ (ਸਾਡੀ ਨਗਰੀ) ਵਸਦੀ ਰਸਦੀ ਕਰ ਦਿਤੀ ਹੈ; (ਜਿਸ ਨੇ ਹਰੀ ਦਾ ਨਾਮ ਜਪਿਆ ਹੈ, ਪ੍ਰਭੂ ਨੇ ਉਸ ਦੀ ਸੁੰਨੀ ਪਈ) ਹਿਰਦੇ ਰੂਪ ਨਗਰੀ ਸ਼ੁਭ ਗੁਣਾਂ ਨਾਲ ਵਸਦੀ ਕਰ ਦਿਤੀ ਹੈ (ਗੁਰੂ ਕੀ ਵਡਾਲੀ ਤੋਂ ਅੰਮ੍ਰਿਤਸਰ ਵਿਚ ਵਾਪਸ ਆਉਣ ਤੇ ਸ਼ਹਿਰ ਵਿਚ ਮੁੜ ਰੌਣਕ ਹੋਣ ਸਮੇਂ ਦਾ ਜਿਕਰ ਹੈ।ਸੋਰਠ ਰਾਗ ਵਿਚ ਵੀ ਅੰਗ ੬੨੧ ਤੋਂ ੬੩੧ ਤਕ ਇਸੇ ਮਜਮੂਨ ਬਾਰੇ ਕਈ ਸ਼ਬਦ ਹਨ)।੧।ਰਹਾਉ।ਜਿਸ ਪ੍ਰਭੂ ਦੇ (ਅਸੀਂ ਦਾਸ ਬਣੇ) ਸੀ, ਫਿਰ ਉਸ ਨੇ ਹੀ ਸਾਡੀ ਸੰਭਾਲ ਕੀਤੀ ਹੈ ਅਤੇ (ਉਸ ਦੀ ਕ੍ਰਿਪਾ ਨਾਲ ਸਾਡੇ ਸਾਰੇ) ਸੋਗ ਤੇ ਸੰਤਾਪ ਨਾਸ਼ ਹੋ ਗਏ ਹਨ।(ਪ੍ਰਭੂ ਨੇ) ਅਪਣੇ ਦਾਸਾਂ ਨੂੰ ਹੱਥ ਦੇ ਕੇ ਰੱਖ (ਬਚਾ) ਲਿਆ ਹੈ ਅਤੇ ਮਾਂ ਬਾਪ ਵਾਂਗ ਹਰੀ ਸਹਾਈ ਹੋਏ ਹਨ।੧।ਹਰੀ ਮਾਲਕ ਨੇ ਦਇਆ ਕੀਤੀ, (ਜਿਸ ਦੀ ਬਰਕਤ ਕਰਕੇ ਸਾਡੇ ਉਤੇ ਸਾਰੇ) ਜੀਵ ਜੰਤ ਮਿਹਰਵਾਨ ਹੋਏ ਹਨ (ਸੇਵਾ ਕਰਦੇ ਹਨ)।ਨਾਨਕ ਗੁਰੂ ਜੀ ਆਖਦੇ ਹਨ ਕਿ ਅਸੀਂ ਦੁਖ ਨਾਸ਼ ਕਰਨ ਵਾਲੇ ਪ੍ਰਭੂ ਦੀ ਸ਼ਰਨ ਵਿਚ ਪਏ ਹਾਂ, ਜਿਸ ਦਾ ਸਭ ਤੋਂ ਵੱਡਾ ਪ੍ਰਤਾਪ ਹੈ।੨।੯।੧੪।

ਪਦਾਰਥ = ਸਦ–ਸਦਾ।ਜਾਪਿ–ਜਪਿਆ ਕਰ।ਧਾਰਿ ਅਨੁਗ੍ਰਹੁ–ਕ੍ਰਿਪਾ ਕਰਕੇ।ਵਸਦੀ ਕੀਨੀ–ਵਸਦੀ ਰਸਦੀ ਕਰ ਦਿਤੀ।ਆਪਿ–ਆਪ ਹੀ।੧।ਰਹਾਉ।ਜਿਸ ਕੇ ਸੇ–ਜਿਸ ਦੇ (ਦਾਸ ਬਣੇ) ਸੀ।ਤਿਨ ਹੀ–ਉਸੇ ਨੇ ਹੀ।ਸਮ੍ਹਾਲੇ–ਸੰਭਾਲ ਕੀਤੀ।ਬਿਨਸੇ–ਨਾਸ਼ ਹੋ ਗਏ।ਸੋਗ–ਚਿੰਤਾ ਫਿਕਰ।ਸੰਤਾਪ–ਦੁਖ ਕਲੇਸ਼।ਦੇਇ–ਦੇ ਕੇ।ਜਨ–ਦਾਸਾਂ ਨੂੰ।ਮਾਈ–ਮਾਂ।੧।ਜੀਅ ਜੰਤ–ਛੋਟੇ ਵੱਡੇ ਸਾਰੇ ਜੀਵ। ਨਾਥ–ਮਾਲਕ।ਪਰੇ–ਪਏ ਹਾਂ।ਭੰਜਨ–ਨਾਸ਼ ਕਰਨ ਵਾਲਾ।ਜਾ ਕਾ–ਜਿਸ ਦਾ।ਪਰਤਾਪ–ਤੇਜ ਪ੍ਰਤਾਪ (ਤਪ ਤੇਜ)।੨।੯।੧੪।

ਟੋਡੀ ਮਹਲਾ ੫ ॥ ਸ੍ਵਾਮੀ ਸਰਨਿ ਪਰਿਓ ਦਰਬਾਰੇ ॥ ਕੋਟਿ ਅਪਰਾਧ ਖੰਡਨ ਕੇ ਦਾਤੇ, ਤੁਝ ਬਿਨੁ ਕਉਨੁ ਉਧਾਰੇ ॥੧॥ਰਹਾਉ॥ ਖੋਜਤ ਖੋਜਤ ਬਹੁ ਪਰਕਾਰੇ, ਸਰਬ ਅਰਥ ਬੀਚਾਰੇ ॥ ਸਾਧ ਸੰਗਿ ਪਰਮ ਗਤਿ ਪਾਈਐ, ਮਾਇਆ ਰਚਿ ਬੰਧਿ ਹਾਰੇ ॥੧॥ ਹੇ

ਮਾਲਕ ਪ੍ਰਭੂ! ਮੈਂ ਤੇਰੇ ਦਰਬਾਰ ਦੀ ਤੇਰੀ ਸ਼ਰਣ ਵਿਚ ਆ ਪਿਆ ਹਾਂ।ਹੇ ਕ੍ਰੋੜਾਂ ਪਾਪਾਂ ਦੇ ਨਾਸ਼ ਕਰਨ ਵਾਲੇ ਦਾਤੇ! ਤੇਰੇ ਬਿਨਾ (ਮੈਨੂੰ ਸੰਸਾਰ ਸਮੁੰਦਰ ਤੋਂ) ਕੌਣ ਤਾਰ ਸਕਦਾ ਹੈ?।੧।ਰਹਾਉ।ਬਹੁਤ ਪ੍ਰਕਾਰ ਨਾਲ ਖੋਜਦਿਆਂ ਖੋਜਦਿਆਂ ਸਾਰੇ ਅਰਥ ਵੀਚਾਰੇ ਹਨ (ਅਸਲੀਅਤ ਦਾ ਪਤਾ ਲੱਗਾ ਹੈ, ਕਿ)।ਸਾਧ ਸੰਗਤ ਕਰਨ ਨਾਲ ਪਰਮਗਤੀ ਪਾਈ ਜਾ ਸਕਦੀ ਹੈ, ਮਾਇਆ ਮੋਹ ਦੇ ਬੰਧਨ ਵਿਚ ਫਸ ਕੇ ਜੀਵਨ ਦੀ ਬਾਜੀ ਹਾਰ ਜਾਈਦੀ ਹੈ; ਮਾਇਆ ਦੇ ਰਚੇ ਹੋਏ ਬੰਧਨ ਵੀ ਹਾਰ (ਦੂਰ ਹੋ) ਜਾਂਦੇ ਹਨ।੧।

ਅੰਗ ੭੧੫ = ਚਰਨ ਕਮਲ ਸੰਗਿ ਪ੍ਰੀਤਿ ਮਨਿ ਲਾਗੀ, ਸੁਰਿ ਜਨ ਮਿਲੇ ਪਿਆਰੇ ॥ ਨਾਨਕ ਅਨਦ ਕਰੇ ਹਰਿ ਜਪਿ ਜਪਿ, ਸਗਲੇ ਰੋਗ ਨਿਵਾਰੇ ॥੨॥੧੦॥੧੫॥ (ਜਦ ਮੈਨੂੰ) ਪਿਆਰੇ ਸੁਰਜਨ (ਗੁਰੂ ਜੀ) ਮਿਲੇ ਤਾਂ ਮਨ ਵਿਚ ਪ੍ਰਭੂ ਦੇ ਚਰਨ ਕਮਲਾਂ ਨਾਲ ਪ੍ਰੀਤ ਲਗ ਗਈ।ਨਾਨਕ ਹਰੀ ਦਾ ਨਾਮ ਜਪ ਜਪ ਕੇ ਅਨੰਦ ਮਾਣਦਾ ਹੈ, (ਜਿਸ ਨੇ ਸਾਡੇ) ਸਾਰੇ ਰੋਗ ਦੂਰ ਕਰ ਦਿਤੇ ਹਨ।੨।੧੦।੧੫।

ਪਦਾਰਥ = ਸ੍ਵਾਮੀ–ਹੇ ਮਾਲਕ ਪ੍ਰਭੂ!।ਸਰਨਿ ਪਰਿਓ–ਸ਼ਰਨ ਵਿਚ ਆ ਪਿਆ ਹਾਂ।ਕੋਟਿ ਅਪਰਾਧ–ਕ੍ਰੋੜਾਂ ਪਾਪ।ਖੰਡਨ–ਨਾਸ਼ ਕਰਨ ਵਾਲਾ।ਕੇ–ਦੇ।ਉਧਾਰੇ–ਤਾਰ ਸਕਦਾ ਹੈ।੧।ਰਹਾਉ।ਖੋਜਤ–ਖੋਜਦਿਆਂ।ਬਹੁ ਪਰਕਾਰੇ–ਬਹੁਤ ਤਰੀਕਿਆਂ ਨਾਲ।ਸਰਬ ਅਰਥ–ਸਾਰੇ ਅਰਥ (ਸਾਰੀ ਅਸਲੀਅਤ)।ਪਰਮਗਤਿ–ਮੁਕਤੀ।ਸੰਗਿ–ਸੰਗਤ ਕਰਨ ਨਾਲ।ਰਚਿ–ਲਗ (ਫਸ) ਕੇ।ਬੰਧਿ–ਬੰਧਨ ਵਿਚ।ਹਾਰੇ –ਹਾਰ ਜਾਈਦਾ ਹੈ; ਦੂਰ ਹੋ ਜਾਂਦੇ ਹਨ।੧।ਚਰਨ ਕਮਲ–ਕਮਲ ਫੁੱਲ ਵਰਗੇ ਪਵਿਤ੍ਰ ਚਰਨ।ਸੰਗਿ–ਨਾਲ।ਮਨਿ–ਮਨ।ਸੁਰਿ ਜਨ–ਸ੍ਰੇਸਟ ਪੁਰਖ (ਗੁਰੂ)।ਕਰੇ–ਕਰਦਾ (ਮਾਣਦਾ) ਹੈ।ਸਗਲੇ–ਸਾਰੇ।ਨਿਵਾਰੇ–ਦੂਰ ਕਰ ਦਿਤੇ ਹਨ।੨।੧੦।੧੫।

ਟੋਡੀ ਮਹਲਾ ੫ ਘਰੁ ੩ ਚਉਪਦੇ ੴ ਸਤਿਗੁਰ ਪ੍ਰਸਾਦਿ ॥ ਹਾਂ ਹਾਂ ਲਪਟਿਓ ਰੇ ਮੂੜ੍ਹੇ ,ਕਛੂ ਨ ਥੋਰੀ ॥ ਤੇਰੋ ਨਹੀ ਸੁ ਜਾਨੀ ਮੋਰੀ ॥ਰਹਾਉ॥ ਆਪਨ ਰਾਮੁ ਨ ਚੀਨੋ ਖਿਨੂਆ ॥ ਜੋ ਪਰਾਈ ਸੁ ਅਪਨੀ ਮਨੂਆ ॥੧॥ ਨਾਮੁ ਸੰਗੀ ਸੋ ਮਨਿ ਨ ਬਸਾਇਓ ॥ ਛੋਡਿ ਜਾਹਿ ਵਾਹੂ ਚਿਤੁ ਲਾਇਓ ॥੨॥ ਸੋ ਸੰਚਿਓ ਜਿਤੁ ਭੂਖ ਤਿਸਾਇਓ ॥ ਅੰਮ੍ਰਿਤ ਨਾਮੁ ਤੋਸਾ ਨਹੀ ਪਾਇਓ ॥੩॥ ਕਾਮ ਕ੍ਰੋਧਿ ਮੋਹ ਕੂਪਿ ਪਰਿਆ ॥ ਗੁਰ ਪ੍ਰਸਾਦਿ ਨਾਨਕ ਕੋ ਤਰਿਆ ॥੪॥੧॥੧੬॥ ਹੇ ਮੂਰਖ! ਇਹ ਠੀਕ ਹੈ ਕਿ ਤੂੰ ਮਾਇਆ ਨਾਲ ਚਿੰਬੜਿਆ ਹੋਇਆ ਹੈਂ ਅਤੇ (ਮਾਇਆ ਨਾਲ) ਤੇਰੀ ਪ੍ਰੀਤੀ ਵੀ ਕੁਛ ਥੋੜੀ ਨਹੀਂ (ਬਹੁਤ ਹੈ)।ਜਿਸ (ਮਾਇਆ) ਨੂੰ ਤੂੰ ਜਾਣਦਾ ਹੈਂ ਕਿ ਮੇਰੀ ਹੈ ,ਉਹ ਤੇਰੀ ਨਹੀਂ।ਰਹਾਉ।(ਹੇ ਮੂਰਖ! ਜਿਹੜਾ) ਰਾਮ ਤੇਰਾ ਅਪਣਾ ਹੈ, ਉਸ ਨੂੰ ਤੈਂ ਇਕ ਖਿਨ ਭਰ ਵੀ ਨਹੀਂ ਪਛਾਣਿਆ।ਜੋ (ਮਾਇਆ) ਪਰਾਈ ਹੋ ਜਾਣੀ ਹੈ, ਉਹ ਤੂੰ ਅਪਣੀ ਮੰਨੀ ਹੋਈ ਹੈ।੧।(ਹੇ ਮੂਰਖ! ਹਰੀ ਦਾ ਜਿਹੜਾ) ਨਾਮ ਤੇਰਾ ਸਾਥੀ ਹੈ, ਉਹ ਤੈਂ ਅਪਣੇ ਮਨ ਵਿਚ ਨਹੀਂ ਵਸਾਇਆ।(ਜਿਹੜੀ ਮਾਇਆ ਅੰਤ ਸਮੇਂ ਤੈਨੂੰ) ਛਡ ਜਾਏਗੀ (ਜਾਂ ਤੈਂ ਇਥੇ ਹੀ) ਛਡ ਜਾਣੀ ਹੈ, ਉਸ ਨਾਲ ਤੈਂ ਅਪਣਾ ਚਿਤ ਲਾਇਆ ਹੋਇਆ ਹੈ।੨।(ਹੇ ਮੂਰਖ! ਤੈਂ) ਉਹ ਧਨ ਇਕੱਠਾ ਕੀਤਾ ਹੈ, ਜਿਸ ਨਾਲ ਤੂੰ ਭੁੱਖਾ ਤਿਹਾਇਆ ਹੀ ਰਿਹਾ ਹੈਂ।ਅੰਮ੍ਰਿਤ ਨਾਮ (ਜੋ ਪ੍ਰਲੋਕ ਦੇ ਸਫਰ ਦਾ) ਖਰਚਾ ਹੈ, ਉਹ ਤੂੰ ਪ੍ਰਾਪਤ ਨਹੀਂ ਕੀਤਾ।੩।(ਹੇ ਮੂਰਖ! ਤੂੰ ਤਾਂ ਕੀ, ਸਾਰਾ ਸੰਸਾਰ ਹੀ) ਕਾਮ, ਕ੍ਰੋਧ ਅਤੇ ਮੋਹ ਦੇ ਖੂਹ ਵਿਚ ਪਿਆ ਹੋਇਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੀ ਕ੍ਰਿਪਾ ਨਾਲ ਕੋਈ ਵਿਰਲਾ ਮਨੁੱਖ (ਇਸ ਖੂਹ ਵਿਚੋਂ) ਤਰਿਆ ਹੈ (ਬਾਹਰ ਨਿਕਲਿਆ ਹੈ)।੩।੧।੧੬।

ਪਦਾਰਥ = ਹਾਂ ਹਾਂ–ਅੰਗੀਕਾਰ ਅਤੇ ਸੰਮਤੀ ਬੋਧਕ ਸ਼ਬਦ (ਮ.ਕੋ.); ਠੀਕ; ਸਹੀ।ਲਪਟਿਓ–ਚਿੰਬੜਿਆ ਹੈਂ।ਰੇ ਮੂੜੇ–ਹੇ ਮੂਰਖ!। ਥੋਰੀ–ਥੋੜੀ।ਸੁ–ਉਹ।ਜਾਨੀ–ਜਾਣਦਾ ਹੈਂ।ਮੋਰੀ–ਮੇਰੀ।ਰਹਾਉ।ਆਪਨ ਰਾਮੁ–ਅਪਣਾ ਪ੍ਰਮਾਤਮਾ।ਨ ਚੀਨੋ–ਨਹੀਂ ਪਛਾਣਿਆ। ਖਿਨੂਆ–ਇਕ ਪਲ ਭਰ ਵੀ।ਪਰਾਈ–ਬਿਗਾਨੀ।ਮਨੂਆ–ਮੰਨੀ ਹੋਈ ਹੈ।੧।ਸੰਗੀ–ਸਾਥੀ।ਸੋ–ਉਹ।ਮਨਿ–ਮਨ ਵਿਚ।ਛੋਡਿ ਜਾਹਿ–ਛਡ ਜਾਏਗੀ।ਵਾਹੂ–ਉਸ ਨਾਲ।੨।ਸੰਚਿਓ–ਇਕੱਠਾ ਕੀਤਾ।ਜਿਤੁ–ਜਿਸ ਨਾਲ।ਤਿਸਾਇਓ–ਤਿਹਾਇਆ ਹੀ ਰਿਹਾ।ਤੋਸਾ–ਰਸਤੇ ਦਾ ਖਰਚ।੩।ਕੂਪਿ–ਖੂਹ ਵਿਚ।ਪਰਿਆ–ਪਿਆ ਹੈ।ਗੁਰ ਪ੍ਰਸਾਦਿ–ਗੁਰੂ ਦੀ ਕ੍ਰਿਪਾ ਨਾਲ।ਕੋ–ਕੋਈ ਵਿਰਲਾ।੪।੧।੧੬।

ਟੋਡੀ ਮਹਲਾ ੫ ॥ ਹਮਾਰੈ ਏਕੈ ਹਰੀ ਹਰੀ ॥ ਆਨ ਅਵਰ ਸਿਞਾਣਿ ਨ ਕਰੀ ॥ਰਹਾਉ॥ ਵਡੈ ਭਾਗਿ ਗੁਰੁ ਅਪੁਨਾ ਪਾਇਓ ॥ ਗੁਰਿ ਮੋ ਕਉ ਹਰਿ ਨਾਮੁ ਦ੍ਰਿੜਾਇਓ ॥੧॥ ਹਰਿ ਹਰਿ ਜਾਪ ਤਾਪ ਬ੍ਰਤ ਨੇਮਾ ॥ ਹਰਿ ਹਰਿ ਧਿਆਇ ਕੁਸਲ ਸਭਿ ਖੇਮਾ ॥੨॥ ਆਚਾਰ

ਬਿਉਹਾਰ ਜਾਤਿ ਹਰਿ ਗੁਨੀਆ ॥ ਮਹਾ ਅਨੰਦ ਕੀਰਤਨ ਹਰਿ ਸੁਨੀਆ ॥੩॥ ਕਹੁ ਨਾਨਕ ਜਿਨਿ ਠਾਕੁਰੁ ਪਾਇਆ ॥ ਸਭੁ ਕਿਛੁ ਤਿਸ ਕੇ ਗ੍ਰਿਹ ਮਹਿ ਆਇਆ ॥੪॥੨॥੧੭॥ (ਹੇ ਭਾਈ!) ਸਾਡੇ ਪਾਸ ਇਕ ਹਰੀ ਹੀ ਹਰੀ ਹੈ।(ਉਸ ਤੋਂ ਬਿਨਾ ਅਸੀਂ) ਹੋਰ ਕਿਸੇ ਦੀ ਪਛਾਣ ਕੀਤੀ ਹੀ ਨਹੀਂ।ਰਹਾਉ।ਵੱਡੇ ਭਾਗਾਂ ਨਾਲ ਅਸੀਂ ਅਪਣਾ ਗੁਰੂ ਪਾਇਆ ਹੈ।ਗੁਰੂ ਨੇ ਮੈਨੂੰ ਹਰੀ ਦਾ ਨਾਮ ਦ੍ਰਿੜ ਕਰਾਇਆ ਹੈ।੧।(ਸਾਡੇ ਲਈ) ਹਰਿ ਹਰਿ ਨਾਮ ਹੀ ਜਪ ਤਪ ਬਰਤ ਤੇ ਨੇਮ ਹੈ।ਹਰਿ ਹਰਿ ਨਾਮ ਸਿਮਰ ਕੇ (ਸਾਨੂੰ) ਸਾਰੇ ਸੁਖ ਤੇ ਅਨੰਦ ਪ੍ਰਾਪਤ ਹੋਏ ਹਨ।੨।(ਹੇ ਭਾਈ!) ਹਰੀ ਦੇ ਗੁਣ ਗਾਉਣਾ ਸਾਡੇ ਲਈ ਕਰਮ ਧਰਮ, ਵਿਹਾਰ ਅਤੇ ਉਚੀ ਜਾਤ ਹੈ।ਹਰੀ ਦਾ ਕੀਰਤਨ ਸੁਣ ਕੇ (ਸਾਨੂੰ) ਮਹਾਨ ਅਨੰਦ ਪ੍ਰਾਪਤ ਹੋਇਆ ਹੈ।੩।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਨੇ ਮਾਲਕ ਪ੍ਰਭੂ ਨੂੰ ਪਾਇਆ ਹੈ।ਉਸ ਦੇ ਹਿਰਦੇ ਘਰ ਵਿਚ ਸਭ ਕੁਛ (ਹਰੇਕ ਪਦਾਰਥ) ਆ ਗਿਆ ਹੈ।੪।੨।੧੭।

ਪਦਾਰਥ = ਹਮਾਰੈ–ਸਾਡੇ ਪਾਸ (ਮੇਰੇ ਹਿਰਦੇ ਵਿਚ)।ਆਨ ਅਵਰ–ਕੋਈ (ਕਿਸੇ) ਹੋਰ ਦੀ।ਸਿਵਾਣ ਨ ਕਰੀ–ਪਛਾਣ ਨਹੀਂ ਕੀਤੀ।ਰਹਾਉ।ਵਡੈ ਭਾਗਿ–ਵੱਡੇ ਭਾਗਾਂ ਨਾਲ।ਗੁਰਿ–ਗੁਰੂ ਨੇ।ਮੋ ਕਉ–ਮੈਨੂੰ।ਦ੍ਰਿੜਾਇਓ–ਪੱਕੀ ਤਰ੍ਹਾਂ ਟਿਕਾ ਦਿਤਾ।੧।ਤਾਪ–ਤਪ।ਬ੍ਰਤ–ਬਰਤ।ਨੇਮਾ–ਧਾਰਮਕ ਨਿਯਮ।ਕੁਸਲ ਖੇਮਾ–ਸੁਖ ਅਨੰਦ।੨।ਆਚਾਰ–ਕਰਮ ਧਰਮ।ਬਿਉਹਾਰ–ਵਰਤ ਵਿਹਾਰ। ਗੁਨੀਆ–ਗੁਣ ਗਾਉਣਾ।ਸੁਨੀਆ–ਸੁਣ ਕੇ।੩।ਜਿਨਿ–ਜਿਸ ਨੇ।ਠਾਕੁਰੁ–ਮਾਲਕ ਪ੍ਰਭੂ।ਗ੍ਰਿਹ ਮਹਿ–ਹਿਰਦੇ ਘਰ ਵਿਚ।੪।੨।੧੭।

ਟੋਡੀ ਮਹਲਾ ੫ ਘਰੁ ੪ ਦੁਪਦੇ ੧ੴ ਸਤਿਗੁਰ ਪ੍ਰਸਾਦਿ ॥ ਰੂੜੋ ਮਨੁ ਹਰਿ ਰੰਗੋ ਲੋੜੈ ॥ ਗਾਲੀ ਹਰਿ ਨੀਹੁ ਨ ਹੋਇ ॥ਰਹਾਉ॥ ਹਉ ਢੂਢੇਦੀ ਦਰਸਨ ਕਾਰਣਿ, ਬੀਥੀ ਬੀਥੀ ਪੇਖਾ ॥ ਗੁਰ ਮਿਲਿ ਭਰਮੁ ਗਵਾਇਆ ਹੇ ॥੧॥ ਇਹ ਬੁਧਿ ਪਾਈ ਮੈ ਸਾਧੂ ਕੰਨਹੁ ,ਲੇਖੁ ਲਿਖਿਓ ਧੁਰਿ ਮਾਥੈ ॥ ਇਹ ਬਿਧਿ ਨਾਨਕ ਹਰਿ ਨੈਣ ਅਲੋਇ ॥੨॥੧॥੧੮॥ (ਹੇ ਭਾਈ! ਮੇਰਾ) ਮਨ ਸੁੰਦਰ ਹਰੀ ਦਾ ਪ੍ਰੇਮ ਮੰਗਦਾ ਹੈ।(ਪਰ ਕੇਵਲ) ਗੱਲਾਂ ਨਾਲ ਹਰੀ ਦਾ ਪ੍ਰੇਮ ਪ੍ਰਾਪਤ ਨਹੀਂ ਹੁੰਦਾ।ਰਹਾਉ।ਮੈਂ ਉਸ ਦੇ ਦਰਸ਼ਨਾਂ ਵਾਸਤੇ ਉਸ ਨੂੰ ਢੂੰਢਦੀ ਹੋਈ ਗਲੀ ਗਲੀ ਦੇਖਦੀ ਰਹੀ ਸਾਂ (ਜਪ ਤਪ ਆਦਿ ਕਰਮ ਕੀਤੇ ਅਤੇ ਬੇਦ ਸ਼ਾਸ਼ਤ੍ਰ ਪੜ੍ਹੇ, ਪਰ ਮਨ ਦਾ ਭਰਮ ਨਹੀਂ ਗਿਆ)।ਗੁਰੂ ਨੂੰ ਮਿਲ ਕੇ (ਮੈਂ ਅਪਣੇ ਮਨ ਦਾ) ਭਰਮ ਗਵਾਇਆ ਹੈ।੧।(ਮਨ ਦਾ ਭਰਮ ਦੂਰ ਕਰਨ ਦੀ) ਇਹ ਬੁੱਧੀ ਮੈਂ ਸਾਧੂ ਗੁਰੂ ਪਾਸੋਂ ਪ੍ਰਾਪਤ ਕੀਤੀ ਹੈ, (ਜਿਸ ਬਾਬਤ ਮੇਰੇ) ਮੱਥੇ ਤੇ ਧੁਰ ਹਰੀ ਦੀ ਹਜੂਰੀ ਤੋਂ ਲੇਖ ਲਿਖਿਆ ਹੋਇਆ ਸੀ।ਨਾਨਕ ਗੁਰੂ ਜੀ ਆਖਦੇ ਹਨ ਕਿ ਇਸ ਵਿਧੀ ਨਾਲ ਮੈਂ ਹਰੀ ਨੂੰ ਅੱਖਾਂ ਨਾਲ ਦੇਖ ਲਿਆ (ਪ੍ਰਤੱਖ ਦਰਸ਼ਨ ਹੋ ਗਏ ਹਨ)।੨।੧।੧੮।

ਪਦਾਰਥ = ਦੁਪਦੇ–ਦੋ ਪਦਿਆਂ ਵਾਲੇ ਸ਼ਬਦ।ਰੂੜੋ–ਰੰਗੀਲਾ; ਸੁੰਦਰ।ਰੰਗੋ–ਪ੍ਰੇਮ।ਲੋੜੈ–ਲੋੜਦਾ (ਮੰਗਦਾ) ਹੈ।ਗਾਲੀ–ਗੱਲਾਂ ਨਾਲ। ਨੀਹੁ–ਨੇਹ (ਪ੍ਰੇਮ)।ਰਹਾਉ।ਹਉ–ਮੈਂ।ਢੂਢੇਦੀ–ਲੱਭਦੀ ਹੋਈ।ਕਾਰਣਿ–ਵਾਸਤੇ।ਬੀਥੀ ਬੀਥੀ–ਗਲੀ ਗਲੀ (ਰਸਤਾ; ਸੜਕ)। ਪੇਖਾ– ਦੇਖਦੀ ਰਹੀ।ਮਿਲਿ–ਮਿਲ ਕੇ।ਗਵਾਇਆ–ਦੂਰ ਕੀਤਾ।੧।ਬੁਧਿ–ਬੁੱਧੀ; ਸਮਝ।ਸਾਧੂ ਕੰਨਹੁ–ਸਾਧੂ ਗੁਰੂ ਪਾਸੋਂ।ਧੁਰਿ–ਧੁਰ (ਹਰੀ ਦੀ ਹਜੂਰੀ) ਤੋਂ।ਮਾਥੈ–ਮੱਥੇ ਉਤੇ।ਇਹ ਬਿਧਿ–ਇਸ ਤਰੀਕੇ ਨਾਲ।ਨੈਣ ਅਲੋਇ–ਅੱਖਾਂ ਨਾਲ ਦੇਖ ਲਿਆ।੨।੧।੧੮।

ਟੋਡੀ ਮਹਲਾ ੫ ॥ ਗਰਬਿ ਗਹਲੜੋ ਮੂੜੜੋ ਹੀਓ ਰੇ ॥ ਹੀਓ ਮਹਰਾਜ ਰੀ ਮਾਇਓ ॥ ਡੀਹਰ ਨਿਆਈ ਮੋਹਿ ਫਾਕਿਓ ਰੇ ॥ਰਹਾਉ॥ ਘਣੋ ਘਣੋ ਘਣੋ ਸਦ ਲੋੜੈ, ਬਿਨੁ ਲਹਣੇ ਕੈਠੈ ਪਾਇਓ ਰੇ ॥ ਮਹਰਾਜ ਰੋ ਗਾਥੁ ਵਾਹੂ ਸਿਉ ਲੁਭੜਿਓ, ਨਿਹਭਾਗੜੋ ਭਾਹਿ ਸੰਜੋਇਓ ਰੇ ॥੧॥ ਸੁਣਿ ਮਨ ਸੀਖ ਸਾਧੂ ਜਨ ਸਗਲੋ, ਥਾਰੇ ਸਗਲੇ ਪ੍ਰਾਛਤ ਮਿਟਿਓ ਰੇ ॥ ਜਾ ਕੋ ਲਹਣੋ ਮਹਰਾਜ ਰੀ ਗਾਠੜੀਓ, ਜਨ ਨਾਨਕ ਗਰਭਾਸਿ ਨ ਪਉੜਿਓ ਰੇ ॥੨॥੨॥੧੯॥ ਹੇ ਭਾਈ! ਮੂਰਖ ਮਨੁੱਖ ਦੇ ਹਿਰਦੇ ਨੂੰ ਹੰਕਾਰ ਨੇ ਫੜਿਆ ਹੋਇਆ ਹੈ; ਮੂਰਖ ਚਿਤ ਹੰਕਾਰ ਵਿਚ ਪਾਗਲ ਹੋਇਆ ਪਿਆ ਹੈ।(ਇਹ ਹਿਰਦਾ ਪ੍ਰਭੂ) ਮਹਾਰਾਜ ਦੀ ਮਾਇਆ ਨੇ ਡਾਇਣ ਵਾਂਗ ਮੋਹ ਵਿਚ ਫਸਾ ਰੱਖਿਆ ਹੈ ।ਰਹਾਉ।{ਅਤਿ ਗਰਬੈ ਮੋਹਿ ਫਾਕੀ ਤੂੰ ੩੭੪}।ਹੇ ਭਾਈ! (ਮਨੁੱਖ ਦਾ ਮਨ) ਬਚਪਨ, ਜਵਾਨੀ ਤੇ ਬੁਢੇਪੇ ਵਿਚ ਸਦਾ ਹੀ ਬਹੁਤਾ ਧਨ ਪਦਾਰਥ ਮੰਗਦਾ ਰਹਿੰਦਾ ਹੈ (ਬਹੁਤਾ ਧਨ, ਬਹੁਤਾ ਸੁਖ ਤੇ ਬਹੁਤਾ ਜਿਉਣਾ ਮੰਗਦਾ ਹੈ, ਪਰ ਇਹ) ਭਾਗਾਂ ਤੋਂ

ਬਿਨਾ ਕਿਸ ਥਾਂ ਤੋਂ ਪਾ ਸਕਦਾ ਹੈ? ਹੇ ਭਾਈ! ਮਹਾਰਾਜ ਪ੍ਰਭੂ ਦਾ ਦਿਤਾ ਜੋ ਧਨ ਪਦਾਰਥ ਹੈ, (ਮਨੁੱਖ ਦਾ ਮਨ) ਉਸ ਨਾਲ ਫਸ ਰਿਹਾ ਹੈ, ਅਭਾਗੇ ਨੇ ਮਨ ਨੂੰ ਤ੍ਰਿਸ਼ਨਾ ਦੀ ਅੱਗ ਵਿਚ ਜੋੜਿਆ ਹੋਇਆ ਹੈ।੧।ਹੇ ਮਨ! ਸਾਧੂ ਜਨਾਂ ਦੀ ਸਾਰੀ ਸਿੱਖਿਆ ਸੁਣ, ਤੇਰੇ ਸਾਰੇ ਪਾਪ ਮਿਟ ਜਾਣਗੇ।ਦਾਸ ਨਾਨਕ ਆਖਦਾ ਹੈ ਕਿ ਹੇ ਭਾਈ! ਜਿਸ ਮਨੁੱਖ ਦੇ ਭਾਗਾਂ ਵਿਚ ਪ੍ਰਭੂ ਮਹਾਰਾਜ ਦੀ ਗਠੜੀ ਵਿਚੋਂ (ਨਾਮ ਧਨ ਦੀ) ਪ੍ਰਾਪਤੀ ਲਿਖੀ ਹੋਈ ਹੈ, (ਉਹ ਮੁੜ ਦੁਬਾਰਾ) ਗਰਭ ਜੋਨੀ ਵਿਚ ਨਹੀਂ ਪੈਂਦਾ।੨।੨।੧੯।

ਡੀਹਰ ਨਿਆਈ = ੧. ਮਹਾਰਾਜ ਦੀ ਮਾਇਆ ਦੇ ਮੋਹ ਨੇ ਡਾਇਣ ਦੀ ਨਿਆਈਂ ਨਿਗਲ (ਹੜੱਪ) ਲਿਆ ਹੈ।੨. ਇਸ ਹਿਰਦੇ ਨੂੰ ਮਹਾਰਾਜ ਦੀ ਮਾਇਆ ਨੇ ਮੱਛੀ ਵਾਂਗ ਮੋਹ ਵਿਚ ਫਸਾ ਰੱਖਿਆ ਹੈ, (ਜਿਵੇਂ ਮੱਛੀ ਨੂੰ ਕੁੰਡੀ ਵਿਚ) (ਦਰਪਣ)

ਪਦਾਰਥ = ਗਰਬਿ-ਹੰਕਾਰ ਨੇ; ਹੰਕਾਰ ਵਿਚ।ਗਹਲੜੋ-ਫੜਿਆ ਹੈ; ਪਾਗਲ ਹੋਇਆ ਪਿਆ ਹੈ।ਮੂੜੜੋ-ਮੂਰਖ ਦਾ।ਹੀਓ-ਹਿਰਦਾ; ਚਿਤ।ਰੇ-ਹੇ ਭਾਈ!।ਮਹਰਾਜ-ਮਹਾਰਾਜ (ਪ੍ਰਭੂ)।ਰੀ-ਦੀ।ਮਾਇਓ-ਮਾਇਆ ਨੇ।ਡੀਹਰ ਨਿਆਈ-ਡਾਇਣ ਵਾਂਗ; ਮੱਛੀ ਵਾਂਗ।ਮੋਹਿ-ਮੋਹ ਵਿਚ; ਮੋਹ ਨੇ।ਫਾਕਿਓ-ਫਸਾ ਲਿਆ; ਨਿਗਲ (ਹੜੱਪ; ਫੱਕਾ ਮਾਰ) ਲਿਆ।ਰਹਾਉ।ਘਣੋ-ਬਹੁਤ।ਸਦ-ਸਦਾ।ਲੋੜੈ-ਮੰਗਦਾ ਹੈ।ਬਿਨੁ ਲਹਣੇ-ਭਾਗਾਂ ਤੋਂ ਬਿਨਾ।ਕੈਠੈ-ਕਿਸ ਨੇ; ਕਿਸ ਥਾਂ ਤੋਂ।ਰੋ-ਦੀ।ਗਾਥੁ-ਧਨ ਪਦਾਰਥ।ਵਾਹੂ ਸਿਉ-ਉਸ ਨਾਲ।ਲੁਭੜਿਓ-ਲੁਭਾਇਮਾਨ (ਫਸ) ਰਿਹਾ ਹੈ।ਨਿਹਭਾਗੜੋ-ਅਭਾਗਾ (ਭਾਗ ਹੀਣ ਮਨੁੱਖ)।ਭਾਹਿ-(ਤ੍ਰਿਸ਼ਨਾ ਦੀ) ਅੱਗ ਵਿਚ।ਸੰਜੋਇਓ-ਜੋੜਿਆ ਹੋਇਆ ਹੈ।੧।ਮਨ-ਹੇ ਮਨ!।ਸੀਖ-ਸਿੱਖਿਆ।ਸਾਧੂ ਜਨ-ਸਾਧੂ ਜਨਾਂ ਦੀ।ਸਗਲੋ-ਸਾਰੀ।ਥਾਰੇ ਸਗਲੇ-ਤੇਰੇ ਸਾਰੇ।ਪ੍ਰਾਛਤ-ਪਾਪ।ਜਾ ਕੋ-ਜਿਸ ਦਾ।ਲਹਣੋ-ਭਾਗਾਂ ਵਿਚ।ਗਾਠੜੀਓ-ਗਠੜੀ (ਖਜਾਨੇ) ਵਿਚੋਂ।ਜਨ ਨਾਨਕ-ਦਾਸ ਨਾਨਕ।ਗਰਭਾਸਿ-ਗਰਭ ਜੋਨੀ ਵਿਚ।ਨ ਪਉੜਿਓ-ਨਹੀਂ ਪੈਂਦਾ।੨।੨।੧੯।

ਅੰਗ ੭੧੬ = ਟੋਡੀ ਮਹਲਾ ੫ ਘਰੁ ੫ ਦੁਪਦੇ ੴ ਸਤਿਗੁਰ ਪ੍ਰਸਾਦਿ ॥ ਐਸੋ ਗੁਨੁ ਮੇਰੋ ਪ੍ਰਭ ਜੀ ਕੀਨ ॥ ਪੰਚ ਦੋਖ ਅਰੁ ਅਹੰ ਰੋਗ, ਇਹ ਤਨ ਤੇ ਸਗਲ ਦੂਰਿ ਕੀਨ ॥ਰਹਾਉ॥ ਬੰਧਨ ਤੋਰਿ ਛੋਰਿ ਬਿਖਿਆ ਤੇ, ਗੁਰ ਕੋ ਸਬਦੁ ਮੇਰੈ ਹੀਅਰੈ ਦੀਨ ॥ ਰੂਪੁ ਅਨਰੂਪੁ ਮੋਰੋ ਕਛੁ ਨ ਬੀਚਾਰਿਓ, ਪ੍ਰੇਮ ਗਹਿਓ ਮੋਹਿ ਹਰਿ ਰੰਗਿ ਭੀਨ ॥੧॥ ਪੇਖਿਓ ਲਾਲਨੁ ਪਾਟ ਬੀਚ ਖੋਏ, ਅਨਦ ਚਿਤਾ ਹਰਖੇ ਪਤੀਨ ॥ ਤਿਸ ਹੀ ਕੋ ਗ੍ਰਿਹੁ ਸੋਈ ਪ੍ਰਭੁ ਨਾਨਕ, ਸੋ ਠਾਕੁਰੁ ਤਿਸ ਹੀ ਕੋ ਧੀਨ ॥੨॥੧॥੨੦॥ (ਹੇ ਭਾਈ!) ਮੇਰੇ ਪ੍ਰਭੂ ਜੀ ਨੇ (ਮੇਰੇ ਉਤੇ) ਅਜੇਹਾ ਉਪਕਾਰ ਕੀਤਾ ਹੈ।ਕਿ ਪੰਜ ਦੋਸ਼ ਅਤੇ ਹਉਮੈ ਦਾ ਰੋਗ, ਇਹ ਸਾਰੇ ਮੇਰੇ ਸਰੀਰ ਤੋਂ ਦੂਰ ਕਰ ਦਿਤੇ ਹਨ।ਰਹਾਉ।(ਹੇ ਭਾਈ! ਪ੍ਰਭੂ ਨੇ ਮੇਰੇ ਮਾਇਆ ਦੇ) ਬੰਧਨ ਤੋੜ ਕੇ ਵਿਸ਼ਿਆਂ ਤੋਂ ਛੁਡਾ ਕੇ ਗੁਰੂ ਦਾ ਸ਼ਬਦ ਮੇਰੇ ਹਿਰਦੇ ਵਿਚ ਵਸਾ ਦਿਤਾ ਹੈ।(ਪ੍ਰਭੂ ਨੇ) ਮੇਰਾ ਰੂਪ ਤੇ ਕੁਰੂਪ ਕੁਛ ਨਹੀਂ ਵਿਚਾਰਿਆ, (ਸਤਿਗੁਰੂ ਦਾ) ਪ੍ਰੇਮ ਗ੍ਰਹਿਣ ਕੀਤਾ ਹੋਇਆ ਜਾਣ ਕੇ ਮੈਨੂੰ ਹਰੀ ਨੇ ਅਪਣੇ ਪ੍ਰੇਮ ਵਿਚ ਭਿਉਂ (ਮਗਨ ਕਰ) ਦਿਤਾ ਹੈ।੧।(ਹੇ ਭਾਈ! ਜਦ) ਮੇਰੇ ਤੇ ਹਰੀ ਦੇ ਵਿਚ ਪੜਦੇ ਦੂਰ ਹੋ ਗਏ, ਤਾਂ ਮੈਂ ਪਿਆਰੇ ਪ੍ਰਭੂ ਨੂੰ ਦੇਖ ਲਿਆ, ਅਨੰਦ ਚਿਤ ਹੋ ਕੇ ਖੁਸ਼ ਹੋਇਆ ਹਾਂ ਅਤੇ ਪਤੀਜ ਗਿਆ ਹਾਂ (ਸ਼ਾਂਤੀ ਮਿਲ ਗਈ ਹੈ)।ਨਾਨਕ ਦਾ ਰੱਖਿਅਕ ਉਹ ਪ੍ਰਭੂ ਹੀ ਹੈ, ਮੇਰਾ ਸਰੀਰ ਉਸੇ ਪ੍ਰਭੂ ਦਾ ਹੀ ਘਰ ਹੈ, ਉਹ (ਸਭ ਦਾ) ਮਾਲਕ ਹੈ ਅਤੇ ਮੈਂ ਉਸੇ ਦੇ ਹੀ ਅਧੀਨ ਹਾਂ।੨।੧।੨੦।

ਪਦਾਰਥ = ਐਸੋ-ਇਹੋ ਜਿਹਾ।ਗੁਨੁ-ਉਪਕਾਰ।ਕੀਨ-ਕੀਤਾ ਹੈ।ਪੰਚ ਦੋਖ-ਪੰਜ ਦੋਸ਼ (ਕਾਮਾਦਿਕ; ਸ਼ਬਦ ਸਪਰਸ਼ ਰਸ ਰੂਪ ਤੇ ਗੰਧ)।ਅਰੁ-ਅਤੇ।ਅਹੰ ਰੋਗ-ਹਉਮੈ ਦਾ ਰੋਗ।ਤਨ ਤੇ-ਸਰੀਰ ਤੋਂ।ਸਗਲ-ਸਾਰੇ।ਰਹਾਉ।ਬੰਧਨ-ਫਾਹੇ।ਤੋਰਿ-ਤੋੜ ਕੇ।ਛੋਰਿ-ਛੁਡਾ ਕੇ।ਬਿਖਿਆ ਤੇ-ਵਿਸ਼ਿਆਂ ਤੋਂ; ਮਾਇਆ ਤੋਂ।ਕੋ-ਦਾ।ਹੀਅਰੈ-ਹਿਰਦੇ ਵਿਚ।ਦੀਨ-(ਵਸਾ) ਦਿਤਾ।ਰੂਪੁ-ਸੁੰਦਰਤਾ।ਅਨਰੂਪੁ-ਕੁਰੂਪ।ਮੋਰੋ-ਮੇਰਾ।ਗਹਿਓ-ਗ੍ਰਹਿਣ ਕੀਤਾ।ਮੋਹਿ-ਮੈਨੂੰ।ਹਰਿ-ਹਰੀ ਨੇ।ਰੰਗਿ-ਪ੍ਰੇਮ ਵਿਚ।ਭੀਨ-ਭਿਉਂ ਦਿਤਾ।੧।ਪੇਖਿਓ -ਦੇਖ ਲਿਆ।ਲਾਲਨੁ-ਪਿਆਰਾ (ਪ੍ਰਭੂ)।ਪਾਟ-ਪੜਦੇ।ਬੀਚ-ਵਿਚਕਾਰ।ਖੋਏ-ਦੂਰ ਹੋਏ।ਅਨਦ ਚਿਤਾ-ਅਨੰਦ ਚਿਤ ਹੋ ਕੇ।ਹਰਖੇ-ਖੁਸ਼ ਹੋਇਆ।ਪਤੀਨ-ਪਤੀਜ ਗਿਆ।ਤਿਸ ਹੀ ਕੋ-ਉਸੇ ਦਾ ਹੀ।ਗ੍ਰਿਹੁ-ਘਰ।ਸੋਈ-ਉਹ ਹੀ।ਸੋ-ਉਹ।ਧੀਨ-ਅਧੀਨ।੨।੧।੨੦।

ਟੋਡੀ ਮਹਲਾ ੫ ॥ ਮਾਈ ਮੇਰੇ ਮਨ ਕੀ ਪ੍ਰੀਤਿ ॥ ਏਹੀ ਕਰਮ ਧਰਮ ਜਪ ਏਹੀ, ਰਾਮ ਨਾਮ ਨਿਰਮਲ ਹੈ ਰੀਤਿ ॥ਰਹਾਉ॥ ਪ੍ਰਾਨ ਅਧਾਰ ਜੀਵਨ ਧਨ ਮੋਰੈ, ਦੇਖਨ ਕਉ ਦਰਸਨ ਪ੍ਰਭ ਨੀਤਿ ॥ ਬਾਟ ਘਾਟ ਤੋਸਾ ਸੰਗਿ ਮੋਰੈ, ਮਨ ਅਪੁਨੇ ਕਉ ਮੈ ਹਰਿ ਸਖਾ ਕੀਤ ॥੧॥ ਸੰਤ ਪ੍ਰਸਾਦਿ ਭਏ ਮਨ ਨਿਰਮਲ, ਕਰਿ ਕਿਰਪਾ ਅਪੁਨੇ ਕਰਿ ਲੀਤ ॥ ਸਿਮਰਿ ਸਿਮਰਿ ਨਾਨਕ ਸੁਖੁ ਪਾਇਆ, ਆਦਿ ਜੁਗਾਦਿ ਭਗਤਨ ਕੇ ਮੀਤ ॥੨॥੨॥੨੧॥ ਹੇ ਮਾਈ! ਮੇਰੇ ਮਨ ਦੀ ਪ੍ਰੀਤ ਹਰੀ ਦੇ ਨਾਮ ਨਾਲ ਹੈ। ਰਾਮ ਦਾ ਨਾਮ ਸਿਮਰਨ ਦੀ ਜੋ ਨਿਰਮਲ ਰੀਤ ਹੈ, ਇਹੋ ਹੀ (ਮੇਰੇ ਲਈ) ਧਰਮ ਕਰਮ ਅਤੇ ਇਹੋ ਹੀ ਜਪ ਤਪ ਹੈ। ਰਹਾਉ। ਨਿਤ ਪ੍ਰਭੂ ਦੇ ਦਰਸ਼ਨ ਨੂੰ ਦੇਖਣਾ ਮੇਰੇ ਲਈ ਪ੍ਰਾਣਾਂ ਦਾ ਆਸਰਾ ਅਤੇ ਜੀਵਨ ਦਾ ਧਨ ਹੈ। (ਹਰੀ ਦਾ ਨਾਮ ਹੀ) ਮੇਰੇ ਨਾਲ ਰਸਤੇ ਦਾ, ਪੱਤਣ ਦਾ ਖਰਚਾ ਹੈ (ਰਸਤੇ ਤੇ ਤੁਰਦਿਆਂ ਤੇ ਦਰਿਆ ਦਾ ਪੱਤਣ ਲੰਘਦਿਆਂ ਹਰੀ ਨਾਲ ਨਿਭਦਾ ਹੈ), ਮੈਂ ਹਰੀ ਨੂੰ ਅਪਣੇ ਮਨ ਦਾ ਸਾਥੀ ਕੀਤਾ (ਬਣਾਇਆ) ਹੈ।੧। ਸੰਤ ਗੁਰੂ (ਰਾਮਦਾਸ ਜੀ) ਦੀ ਕ੍ਰਿਪਾ ਨਾਲ ਮੇਰੇ ਮਨ ਤੇ ਤਨ ਪਵਿਤ੍ਰ ਹੋ ਗਏ ਹਨ, (ਇਸੇ ਕਰਕੇ ਪ੍ਰਭੂ ਨੇ ਮੈਨੂੰ) ਅਪਣਾ ਬਣਾ ਲਿਆ ਹੈ । ਨਾਨਕ ਨੇ ਪ੍ਰਭੂ ਨੂੰ ਸਿਮਰ ਸਿਮਰ ਕੇ ਸੁਖ ਪਾਇਆ ਹੈ, ਜੋ ਆਦਿ ਜੁਗਾਦਿ ਤੋਂ ਭਗਤਾਂ ਦਾ ਮਿਤ੍ਰ ਹੈ।੨।੨।੨੧।

ਪਦਾਰਥ = ਮਾਈ–ਹੇ ਮਾਂ (ਹੇ ਭਾਈ)!। ਕੀ–ਦੀ। ਕਰਮ ਧਰਮ–ਧਾਰਮਕ ਕਰਮ। ਨਿਰਮਲ–ਪਵਿਤ੍ਰ। ਰੀਤਿ–ਰਹੁ ਰੀਤ; ਮਰਿਆਦਾ। ਰਹਾਉ। ਪ੍ਰਾਨ ਅਧਾਰ–ਪ੍ਰਾਣਾਂ ਦਾ ਆਸਰਾ। ਮੋਰੈ–ਮੇਰੇ ਲਈ। ਕਉ–ਨੂੰ। ਬਾਟ–ਰਸਤਾ; ਜਮ ਮਾਰਗ। ਘਾਟ–(ਦਰਿਆ ਦਾ) ਪੱਤਣ; ਪਹਾੜ ਦੀ ਘਾਟੀ; ਬੈਤਰਨੀ ਨਦੀ ਦਾ ਪੱਤਣ (ਸੰ.ਸ.; ਫ.ਸ.)। ਤੋਸਾ–ਰਸਤੇ ਦਾ ਖਰਚਾ। ਸੰਗਿ–ਨਾਲ। ਸਖਾ–ਸਾਥੀ; ਮਿਤ੍ਰ। ਕੀਤ–ਕੀਤਾ (ਬਣਾਇਆ) ਹੈ।੧। ਸੰਤ ਪ੍ਰਸਾਦਿ–ਸੰਤ ਗੁਰੂ ਦੀ ਕਿਰਪਾ ਨਾਲ। ਭਏ–ਹੋ ਗਏ। ਕਰਿ ਕਿਰਪਾ–ਕ੍ਰਿਪਾ ਕਰਕੇ। ਕਰਿ ਲੀਤ–ਬਣਾ ਲਿਆ। ਸਿਮਰਿ ਸਿਮਰਿ–ਸਿਮਰ ਸਿਮਰ ਕੇ। ਆਦਿ ਜੁਗਾਦਿ–ਆਦਿ ਕਾਲ (ਮੁੱਢ) ਤੋਂ ਹੀ; ਸਦਾ ਹੀ। ਮੀਤ–ਮਿਤ੍ਰ।੨।੨।੨੧।

ਟੋਡੀ ਮਹਲਾ ੫ ॥ ਪ੍ਰਭ ਜੀ ਮਿਲੁ ਮੇਰੇ ਪ੍ਰਾਨ ॥ ਬਿਸਰੁ ਨਹੀ ਨਿਮਖ ਹੀਅਰੇ ਤੇ, ਅਪਨੇ ਭਗਤ ਕਉ ਪੂਰਨ ਦਾਨ ॥ਰਹਾਉ॥ ਖੋਵਹੁ ਭਰਮੁ ਰਾਖੁ ਮੇਰੇ ਪ੍ਰੀਤਮ, ਅੰਤਰਜਾਮੀ ਸੁਘੜ ਸੁਜਾਨ ॥ ਕੋਟਿ ਰਾਜ ਨਾਮ ਧਨੁ ਮੇਰੈ, ਅੰਮ੍ਰਿਤ ਦ੍ਰਿਸਟਿ ਧਾਰਹੁ ਪ੍ਰਭ ਮਾਨ ॥੧॥ ਆਠ ਪਹਰ ਰਸਨਾ ਗੁਨ ਗਾਵੈ, ਜਸੁ ਪੂਰਿ ਅਘਾਵਹਿ ਸਮਰਥ ਕਾਨ ॥ ਤੇਰੀ ਸਰਣਿ ਜੀਅਨ ਕੇ ਦਾਤੇ, ਸਦਾ ਸਦਾ ਨਾਨਕ ਕੁਰਬਾਨ ॥੨॥੩॥੨੨॥ ਹੇ ਮੇਰੇ ਪ੍ਰਾਣਾਂ ਦੇ ਮਾਲਕ ਪ੍ਰਭੂ ਜੀ! ਮੈਨੂੰ ਮਿਲੋ। ਅਪਣੇ ਭਗਤ ਨੂੰ ਇਹ ਪੂਰਨ ਦਾਨ ਬਖਸ਼ੋ ਕਿ ਇਕ ਨਿਮਖ ਮਾਤ੍ਰ ਵੀ ਮੇਰੇ ਹਿਰਦੇ ਤੋਂ ਨਾ ਭੁੱਲੋ। ਰਹਾਉ। ਹੇ ਅੰਤਰਜਾਮੀ ਸੁਚੱਜੇ ਤੇ ਸਿਆਣੇ ਮੇਰੇ ਪ੍ਰੀਤਮ ਪ੍ਰਭੂ! ਮੇਰੇ ਭਰਮ ਨੂੰ ਦੂਰ ਕਰ ਦਿਓ ਅਤੇ (ਕਾਮਾਦਿਕ ਵਿਕਾਰਾਂ ਤੋਂ) ਮੇਰੀ ਰੱਖਿਆ ਕਰੋ। ਮੇਰੇ ਲਈ ਨਾਮ ਧਨ ਕ੍ਰੋੜਾਂ ਬਾਦਸ਼ਾਹੀਆਂ ਤੋਂ ਵੀ ਉਪਰ ਹੈ, ਹੇ ਮਾਨਯੋਗ ਪ੍ਰਭੂ! ਮੇਰੇ ਵੱਲ ਅਪਣੀ ਅੰਮ੍ਰਿਤ ਭਰੀ ਨਜਰ ਕਰੋ।੧। ਹੇ ਸਮਰੱਥ ਪ੍ਰਭੂ! (ਕ੍ਰਿਪਾ ਕਰੋ ਤੇਰਾ) ਜਸ ਸੁਣ ਕੇ ਮੇਰੇ ਕੰਨ ਪੂਰੀ ਤਰ੍ਹਾਂ ਰੱਜੇ ਰਹਿਣ (ਅਤੇ ਮੇਰੀ) ਜੀਭ ਅੱਠੇ ਪਹਿਰ ਤੇਰੇ ਗੁਣ ਗਾਉਂਦੀ ਰਹੇ। ਹੇ ਸਾਰੇ ਜੀਵਾਂ ਦੇ ਦਾਤਾਰ ਪਾਤਸ਼ਾਹ! ਨਾਨਕ ਤੇਰੀ ਸ਼ਰਣ ਵਿਚ ਆਇਆ ਹੈ ਅਤੇ ਤੈਥੋਂ ਸਦਾ ਮਨ ਅਤੇ ਤਨ ਕਰਕੇ ਕੁਰਬਾਨ ਜਾਂਦਾ ਹੈ।੨।੩।੨੨।

ਪਦਾਰਥ = ਪ੍ਰਾਨ–ਹੇ ਪ੍ਰਾਣਾਂ ਦੇ ਮਾਲਕ!। ਬਿਸਰ ਨਹੀ–ਨਾ ਭੁੱਲੋ। ਨਿਮਖ–ਅੱਖ ਝਮਕਣ ਜਿੰਨਾ ਸਮਾਂ। ਹੀਅਰੇ ਤੇ–ਹਿਰਦੇ ਤੋਂ। ਕਉ–

ਨੂੰ। ਰਹਾਉ। ਖੋਵਹੁ–ਦੂਰ ਕਰ ਦਿਓ। ਰਾਖੁ–ਰੱਖਿਆ ਕਰੋ। ਪ੍ਰੀਤਮ–ਹੇ ਪ੍ਰੀਤਮ!। ਅੰਤਰਜਾਮੀ–ਦਿਲ ਦੇ ਅੰਦਰ ਦੀਆਂ ਜਾਨਣ ਵਾਲਾ । ਸੁਘੜ–ਸੁਚੱਜਾ; ਸ੍ਰੇਸਟ ਘਾੜਤ ਘੜਨ ਵਾਲਾ। ਸੁਜਾਨ–ਸਿਆਣਾ। ਕੋਟਿ ਰਾਜ–ਕ੍ਰੋੜਾਂ ਬਾਦਸ਼ਾਹੀਆਂ। ਅੰਮ੍ਰਿਤ ਦ੍ਰਿਸਟਿ–ਅੰਮ੍ਰਿਤ ਭਰੀ ਨਜਰ। ਮੇਰੈ–ਮੇਰੇ ਲਈ। ਧਾਰਹੁ–ਕਰੋ। ਮਾਨ–ਮਾਨ ਯੋਗ; ਪੂਜਨੀਕ।੧। ਰਸਨਾ–ਜੀਭ। ਪੂਰਿ–ਪੂਰੀ ਤਰ੍ਹਾਂ। ਅਘਾਵਹਿ–ਰੱਜੇ ਰਹਿਣ। ਸਮਰਥ–ਹੇ ਸਭ ਤਾਕਤਾਂ ਦੇ ਮਾਲਕ!। ਕਾਨ–ਕੰਨ। ਜੀਅਨ ਕੇ ਦਾਤੇ–ਹੇ ਸਭ ਜੀਵਾਂ ਦੇ ਦਾਤਾਰ ਪ੍ਰਭੂ!।੨।੩।੨੨।

ਟੋਡੀ ਮਹਲਾ ੫ ॥ ਪ੍ਰਭ ਤੇਰੇ ਪਗ ਕੀ ਧੂਰਿ ॥ ਦੀਨ ਦਇਆਲ ਪ੍ਰੀਤਮ ਮਨਮੋਹਨ, ਕਰਿ ਕਿਰਪਾ ਮੇਰੀ ਲੋਚਾ ਪੂਰਿ ॥ਰਹਾਉ॥ ਦਹ ਦਿਸ ਰਵਿ ਰਹਿਆ ਜਸੁ ਤੁਮਰਾ, ਅੰਤਰਜਾਮੀ ਸਦਾ ਹਜੂਰਿ ॥ ਜੋ ਤੁਮਰਾ ਜਸੁ ਗਾਵਹਿ ਕਰਤੇ, ਸੇ ਜਨ ਕਬਹੁ ਨ ਮਰਤੇ ਝੂਰਿ

॥੧॥ ਧੰਧ ਬੰਧ ਬਿਨਸੇ ਮਾਇਆ ਕੇ, ਸਾਧੂ ਸੰਗਤਿ ਮਿਟੇ ਬਿਸੂਰ ॥ ਸੁਖ ਸੰਪਤਿ ਭੋਗ ਇਸੁ ਜੀਅ ਕੇ, ਬਿਨੁ ਹਰਿ ਨਾਨਕ ਜਾਨੇ ਕੂਰ ॥੨॥ ੪॥੨੩॥ ਹੇ ਪ੍ਰਭੂ! ਮੈਂ ਤੇਰੇ ਚਰਨਾਂ ਦੀ ਧੂੜ ਚਾਹੁੰਦਾ ਹਾਂ। ਹੇ ਦੀਨਾਂ ਉਤੇ ਦਇਆ ਕਰਨ ਵਾਲੇ! ਹੇ ਮਨ ਨੂੰ ਮੋਹ ਲੈਣ ਵਾਲੇ ਪ੍ਰੀਤਮ! ਕ੍ਰਿਪਾ ਕਰਕੇ ਮੇਰੀ ਇਹ ਇੱਛਾ ਪੂਰੀ ਕਰ। ਰਹਾਉ। ਹੇ ਅੰਤਰਜਾਮੀ ਪ੍ਰਭੂ! ਤੇਰਾ ਜਸ ਦਸੇ ਦਿਸ਼ਾਵਾਂ ਵਿਚ ਫੈਲ ਰਿਹਾ ਹੈ, ਤੂੰ ਸਦਾ ਹੀ ਹਾਜਰਾ ਹਜੂਰ ਹੈਂ। ਹੇ ਕਰਤਾਰ! ਜੋ ਤੇਰਾ ਜਸ ਗਾਉਂਦੇ ਹਨ, ਉਹ ਪੁਰਖ ਕਦੇ ਵੀ ਦੁਖੀ ਹੋ ਕੇ ਨਹੀਂ ਮਰਦੇ।੧। (ਹੇ ਭਾਈ! ਜਿਹੜੇ ਪੁਰਖ ਪ੍ਰਭੂ ਦਾ ਜਸ ਗਾਉਂਦੇ ਹਨ) ਸਾਧ ਗੁਰੂ ਦੀ ਸੰਗਤ ਕਰਨ ਨਾਲ (ਉਨ੍ਹਾਂ ਦੇ) ਮਾਇਆ ਦੇ ਧੰਧੇ ਤੇ ਬੰਧਨ ਨਾਸ਼ ਹੋ ਗਏ ਅਤੇ ਝੋਰੇ ਵੀ ਮਿਟ ਗਏ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਧਨ ਪਦਾਰਥਾਂ ਦੇ ਸੁਖ ਅਤੇ ਇਸ ਮਨ ਦੇ ਭੋਗ, (ਉਨ੍ਹਾਂ ਨੇ) ਹਰੀ ਦੇ ਨਾਮ ਸਿਮਰਨ ਤੋਂ ਬਿਨਾ ਕੂੜ ਜਾਣੇ ਹਨ।੨।੪।੨੩।

ਪਦਾਰਥ = ਪ੍ਰਭ–ਹੇ ਪ੍ਰਭੂ!। ਪਗ ਕੀ–ਪੈਰਾਂ (ਚਰਨਾਂ) ਦੀ। ਧੂਰਿ–ਧੂੜ। ਦੀਨ ਦਇਆਲ–ਹੇ ਗਰੀਬਾਂ ਉਤੇ ਦਇਆ ਕਰਨ ਵਾਲੇ!। ਮਨਮੋਹਨ–ਹੇ ਮਨ ਨੂੰ ਮੋਹ ਲੈਣ ਵਾਲੇ!। ਲੋਚਾ–ਇੱਛਾ। ਪੂਰਿ–ਪੂਰੀ ਕਰ। ਰਹਾਉ। ਦਹ ਦਿਸ–ਦਸੇ ਦਿਸ਼ਾਵਾਂ ਵਿਚ (ਸਾਰੇ ਪਾਸੇ)। ਰਵਿ ਰਹਿਆ–ਫੈਲ ਰਿਹਾ ਹੈ। ਜਸੁ–ਸੋਭਾ। ਤੁਮਰਾ–ਤੇਰਾ। ਅੰਤਰਜਾਮੀ–ਹੇ ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲੇ!। ਹਜੂਰਿ–ਹਾਜਰਾ ਹਜੂਰ (ਅੰਗ ਸੰਗ)। ਕਰਤੇ–ਹੇ ਕਰਤਾਰ!। ਸੇ ਜਨ–ਉਹ ਪੁਰਖ। ਕਬਹੁ–ਕਦੇ ਵੀ। ਨ ਮਰਤੇ–ਨਹੀਂ ਮਰਦੇ। ਝੂਰਿ–ਚਿੰਤਾ ਫਿਕਰ ਵਿਚ; ਦੁਖੀ ਹੋ ਕੇ।੧। ਧੰਧ ਬੰਧ–ਧੰਧੇ ਤੇ ਬੰਧਨ। ਬਿਨਸੇ–ਨਾਸ਼ ਹੋ ਗਏ। ਬਿਸੂਰ–ਝੋਰੇ; ਦੁਖ; ਝਗੜੇ। ਸੰਪਤਿ–ਸੰਪਤੀ (ਧਨ ਪਦਾਰਥ)। ਜੀਅ ਕੇ–ਮਨ ਦੇ। ਭੋਗ–ਮੌਜ ਮੇਲੇ। ਜਾਨੇ–ਜਾਣੇ (ਸਮਝੇ) ਹਨ। ਕੂਰ–ਝੂਠੇ; ਨਾਸ਼ਵੰਤ।੨।੪।੨੩।

ਟੋਡੀ ਮਃ ੫ ॥ ਮਾਈ ਮੇਰੇ ਮਨ ਕੀ ਪਿਆਸ ॥ ਇਕੁ ਖਿਨੁ ਰਹਿ ਨ ਸਕਉ ਬਿਨੁ ਪ੍ਰੀਤਮ, ਦਰਸਨ ਦੇਖਨ ਕਉ ਧਾਰੀ ਮਨਿ ਆਸ ॥ਰਹਾਉ॥ ਸਿਮਰਉ ਨਾਮੁ ਨਿਰੰਜਨ ਕਰਤੇ, ਮਨ ਤਨ ਤੇ ਸਭਿ ਕਿਲਵਿਖ ਨਾਸ ॥ ਪੂਰਨ ਪਾਰਬ੍ਰਹਮ ਸੁਖ ਦਾਤੇ, ਅਬਿਨਾਸੀ ਬਿਮਲ ਜਾ ਕੋ ਜਾਸ ॥੧॥ ਸੰਤ ਪ੍ਰਸਾਦਿ ਮੇਰੇ ਪੂਰ ਮਨੋਰਥ, ਕਰਿ ਕਿਰਪਾ ਭੇਟੇ ਗੁਣਤਾਸ ॥ ਹੇ ਮਾਈ! ਮੇਰੇ ਮਨ ਦੀ ਪਿਆਸ (ਪ੍ਰਭੂ ਦੇ ਦਰਸ਼ਨ ਵਾਸਤੇ) ਹੈ। ਮੈਂ ਇਕ ਪਲ ਪ੍ਰੀਤਮ ਤੋਂ ਬਿਨਾ ਨਹੀਂ ਰਹਿ ਸਕਦਾ, (ਉਸ ਦੇ) ਦਰਸ਼ਨ ਦੇਖਣ ਵਾਸਤੇ ਮਨ ਵਿਚ ਆਸ ਧਾਰੀ ਹੋਈ ਹੈ। ਰਹਾਉ। ਮੈਂ ਮਾਇਆ ਤੋਂ ਨਿਰਲੇਪ ਕਰਤਾਰ ਦਾ ਨਾਮ ਸਿਮਰਦਾ ਹਾਂ, (ਜਿਸ ਦੀ ਬਰਕਤ ਨਾਲ) ਮਨ ਤੇ ਤਨ ਦੇ ਸਾਰੇ ਪਾਪ ਨਾਸ਼ ਹੋ ਜਾਂਦੇ ਹਨ। ਪਰੀ ਪੂਰਨ ਪਾਰਬ੍ਰਹਮ ਸੁੱਖਾਂ ਦੇ ਦਾਤੇ ਅਤੇ ਨਾਸ਼ ਰਹਿਤ ਹਨ, ਜਿਸ ਦਾ ਜਸ ਨਿਰਮਲ ਹੈ।੧। ਸੰਤ ਗੁਰੂ ਦੀ ਕਿਰਪਾ ਨਾਲ ਮੇਰੇ ਮਨੋਰਥ ਪੂਰੇ ਹੋਏ ਹਨ, (ਜੋ ਕਿ) ਕ੍ਰਿਪਾ ਕਰਕੇ ਗੁਣਾਂ ਦੇ ਖਜਾਨੇ ਪ੍ਰਭੂ ਮਿਲ ਪਏ ਹਨ।

ਅੰਗ ੭੧੨ = ਸਾਂਤਿ ਸਹਜ ਸੂਖ ਮਨਿ ਉਪਜਿਓ, ਕੋਟਿ ਸੂਰ ਨਾਨਕ ਪਰਗਾਸ ॥੨॥੫॥੨੪॥ ਮਨ ਵਿਚ ਸ਼ਾਂਤੀ ਤੇ ਅਡੋਲਤਾ ਦੇ ਸੁਖ ਪੈਦਾ ਹੋ ਗਏ ਹਨ ਅਤੇ ਨਾਨਕ ਦੇ ਹਿਰਦੇ ਵਿਚ ਕ੍ਰੋੜਾਂ ਸੂਰਜਾਂ ਵਰਗਾ ਗਿਆਨ ਦਾ ਚਾਨਣਾ ਹੋ ਗਿਆ ਹੈ।੨।੫।੨੪।

ਪਦਾਰਥ = ਮਾਈ–ਹੇ ਮਾਂ!। ਇਕੁ ਖਿਨੁ–ਇਕ ਪਲ ਸਮਾਂ। ਰਹਿ ਨ ਸਕਉ–ਮੈਂ ਰਹਿ ਨਹੀਂ ਸਕਦਾ। ਦੇਖਨ ਕਉ–ਦੇਖਣ ਵਾਸਤੇ। ਧਾਰੀ–ਟਿਕਾਈ ਹੋਈ ਹੈ। ਮਨਿ–ਮਨ ਵਿਚ। ਰਹਾਉ। ਸਿਮਰਉ–ਮੈਂ ਸਿਮਰਦਾ ਹਾਂ। ਨਿਰੰਜਨ–ਮਾਇਆ ਤੋਂ ਰਹਿਤ। ਕਰਤੇ–ਕਰਤਾਰ ਦਾ। ਤੇ–ਤੋਂ। ਕਿਲਵਿਖ–ਪਾਪ। ਨਾਸ–ਨਾਸ਼ ਹੋ ਜਾਂਦੇ ਹਨ। ਪੂਰਨ–ਸਰਬ ਵਿਆਪਕ। ਅਬਿਨਾਸੀ–ਨਾਸ਼ ਰਹਿਤ। ਬਿਮਲ–ਨਿਰਮਲ (ਸਭ ਤਰ੍ਹਾਂ ਦੀ ਮੈਲ ਤੋਂ ਰਹਿਤ)। ਜਾ ਕੋ–ਜਿਸ ਦਾ। ਜਾਸ–ਜਸ।੧। ਸੰਤ ਪ੍ਰਸਾਦਿ–ਸੰਤ ਗੁਰੂ ਰਾਮਦਾਸ ਜੀ ਦੀ ਕ੍ਰਿਪਾ ਨਾਲ। ਪੂਰ–ਪੂਰੇ ਹੋਏ ਹਨ। ਮਨੋਰਥ–ਮੁਰਾਦਾਂ। ਭੇਟੇ–ਮਿਲ ਪਏ ਹਨ। ਗੁਣ ਤਾਸ–ਗੁਣਾਂ ਦੇ ਭੰਡਾਰ ਪ੍ਰਭੂ ਜੀ। ਸਹਜ ਸੁਖ–ਅਡੋਲਤਾ ਦਾ ਸੁਖ; ਕੁਦਰਤੀ ਸੁੱਖ। ਉਪਜਿਓ–ਪੈਦਾ ਹੋਏ ਹਨ। ਕੋਟਿ ਸੂਰ–ਕ੍ਰੋੜਾਂ ਸੂਰਜਾਂ ਦਾ। ਪਰਗਾਸ–ਗਿਆਨ ਦਾ ਚਾਨਣ।੨।੫।੨੪।

ਟੋਡੀ ਮਹਲਾ ੫ ॥ ਹਰਿ ਹਰਿ ਪਤਿਤ ਪਾਵਨ ॥ ਜੀਅ ਪ੍ਰਾਨ ਮਾਨ ਸੁਖ ਦਾਤਾ, ਅੰਤਰਜਾਮੀ ਮਨ ਕੋ ਭਾਵਨ ॥ਰਹਾਉ॥ ਸੁੰਦਰੁ ਸੁਘੜੁ ਚਤੁਰੁ ਸਭ ਬੇਤਾ, ਰਿਦ ਦਾਸ ਨਿਵਾਸ ਭਗਤ ਗੁਨ ਗਾਵਨ ॥ ਨਿਰਮਲ ਰੂਪ ਅਨੂਪ ਸੁਆਮੀ, ਕਰਮ ਭੂਮਿ ਬੀਜਨ ਸੋ ਖਾਵਨ ॥੧॥ ਬਿਸਮਨ ਬਿਸਮ ਭਏ ਬਿਸਮਾਦਾ, ਆਨ ਨ ਬੀਓ ਦੂਸਰ ਲਾਵਨ ॥ ਰਸਨਾ ਸਿਮਰਿ ਸਿਮਰਿ ਜਸੁ ਜੀਵਾ, ਨਾਨਕ ਦਾਸ ਸਦਾ ਬਲਿ ਜਾਵਨ ॥੨॥੬॥੨੫॥ (ਹੇ ਭਾਈ!) ਹਰੀ ਦਾ ਨਾਮ ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ ਹੈ। ਉਹ ਜੀਵਾਂ ਦੇ ਪ੍ਰਾਣਾਂ ਦਾ ਆਸਰਾ

ਹੈ, ਆਦਰ ਮਾਣ ਤੇ ਸੁਖ ਦੇਣ ਵਾਲਾ ਹੈ, ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ ਅਤੇ ਮਨ ਨੂੰ ਚੰਗਾ ਲੱਗਦਾ ਹੈ।ਰਹਾਉ।(ਉਹ ਪ੍ਰਭੂ) ਸੁੰਦਰ, ਸੁਚੱਜਾ, ਸਿਆਣਾ ਤੇ ਸਭ ਕੁਛ ਜਾਨਣ ਵਾਲਾ ਹੈ, ਦਾਸਾਂ ਦੇ ਹਿਰਦਿਆਂ ਵਿਚ ਨਿਵਾਸ ਕਰਦਾ ਹੈ ਅਤੇ ਭਗਤ (ਉਸ ਦੇ) ਗੁਣ ਗਾਉਂਦੇ ਹਨ।ਉਸ ਮਾਲਕ ਪ੍ਰਭੂ ਦਾ ਸਰੂਪ ਨਿਰਮਲ ਅਤੇ ਉਪਮਾ ਤੋਂ ਰਹਿਤ (ਬਹੁਤ ਸੁੰਦਰ) ਹੈ, ਇਹ ਸਰੀਰ ਕਰਮਾਂ ਦੀ ਧਰਤੀ ਹੈ, (ਇਸ ਵਿਚ ਜੀਵ ਜੋ ਕੁਛ) ਬੀਜਦੇ ਹਨ, ਉਹ ਖਾਂਦੇ ਹਨ (ਹਰੀ ਕਰਮਾਂ ਅਨੁਸਾਰ ਫਲ ਦੇਣ ਵਾਲਾ ਹੈ)।੧।(ਹੇ ਭਾਈ! ਹਰੀ ਦੀ) ਅਸਚਰਜ (ਅਨੂਪ ਸੁੰਦ੍ਰਤਾ ਦੇਖ ਕੇ ਅਸੀਂ) ਅਸਚਰਜ ਤੋਂ ਅਸਚਰਜ (ਵਿਸਮਾਦ ਅਵਸਥਾ ਵਿਚ ਮਸਤ) ਹੋ ਗਏ ਹਾਂ ਅਤੇ ਹੋਰ ਕਿਸੇ ਦੂਜੇ ਨੂੰ ਉਸ ਦੇ ਬਰਾਬਰ ਨਹੀਂ ਲਾਉਂਦੇ {ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ੮੫੮}।ਦਾਸ ਨਾਨਕ (ਉਸ ਪ੍ਰਭੂ ਤੋਂ) ਸਦਾ ਸਦਕੇ ਜਾਂਦਾ ਹੈ ਅਤੇ ਜੀਭ ਨਾਲ (ਉਸ ਦਾ) ਜਸ ਸਿਮਰ ਸਿਮਰ ਕੇ ਜਿਉਂਦਾ ਹੈ।੨।੬।੨੫।

ਪਦਾਰਥ = ਪਤਿਤ–ਪਾਪੀਆਂ ਨੂੰ।ਪਾਵਨ–ਪਵਿਤ੍ਰ ਕਰਨ ਵਾਲਾ।ਜੀਅ ਪ੍ਰਾਨ–ਜੀਵਾਂ ਦੇ ਪ੍ਰਾਣਾਂ ਦਾ।ਮਾਨ–ਆਦਰ।ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ।ਮਨ ਕੋ ਭਾਵਨ–ਮਨ ਨੂੰ ਚੰਗਾ ਲੱਗਦਾ ਹੈ।ਰਹਾਉ।ਸੁਘੜ–ਸੁਚੱਜੀ ਘਾੜਤ ਘੜਨ ਵਾਲਾ ।ਚਤੁਰੁ–ਸਿਆਣਾ।ਸਭ ਬੇਤਾ–ਸਭ ਕੁਛ ਜਾਨਣ ਵਾਲਾ।ਰਿਦ ਦਾਸ ਨਿਵਾਸ–ਦਾਸਾਂ ਦੇ ਹਿਰਦਿਆਂ ਵਿਚ ਨਿਵਾਸ ਰੱਖਣ ਵਾਲਾ।ਗੁਨ ਗਾਵਨ–ਗੁਣ ਗਾਉਂਦੇ ਹਨ।ਨਿਰਮਲ ਰੂਪ–ਪਵਿਤ੍ਰ ਸਰੂਪ।ਅਨੂਪ–ਉਪਮਾ ਤੋਂ ਰਹਿਤ (ਬਹੁਤ ਸੁੰਦਰ; ਬੇਮਿਸਾਲ)।ਸੁਆਮੀ–ਮਾਲਕ ਪ੍ਰਭੂ।ਕਰਮ ਭੂਮਿ ਬੀਜਨ–ਕਰਮਾਂ ਦਾ ਬੀਜ ਬੀਜਣ ਵਾਲੀ ਧਰਤੀ।ਸੋ–ਉਹ।ਖਾਵਨ–ਖਾਂਦੇ ਹਨ।੧।ਬਿਸਮਨ ਬਿਸਮ ਬਿਸਮਾਦਾ–ਅਸਚਰਜਤਾ ਦੇਖ ਕੇ ਅਸਚਰਜ ਤੋਂ ਅਸਚਰਜ।ਭਏ–ਹੋ ਗਏ ਹਾਂ।ਆਨ–ਹੋਰ ਕੋਈ।ਬੀਓ–ਦੂਜਾ।ਲਾਵਨ–ਲਾਉਂਦੇ। ਰਸਨਾ–ਜੀਭ।ਜੀਵਾ–ਜਿਉਂਦਾ ਹੈ।ਬਲਿ ਜਾਵਨ–ਸਦਕੇ ਜਾਂਦਾ ਹੈ।੨।੬।੨੫।

ਟੋਡੀ ਮਹਲਾ ੫ ॥ ਮਾਈ ਮਾਇਆ ਛਲੁ ॥ ਤ੍ਰਿਣ ਕੀ ਅਗਨਿ ਮੇਘ ਕੀ ਛਾਇਆ, ਗੋਬਿਦ ਭਜਨ ਬਿਨੁ ਹੜ ਕਾ ਜਲੁ ॥ਰਹਾਉ॥ ਛੋਡਿ ਸਿਆਨਪ ਬਹੁ ਚਤੁਰਾਈ, ਦੁਇ ਕਰ ਜੋੜਿ ਸਾਧ ਮਗਿ ਚਲੁ ॥ ਸਿਮਰਿ ਸੁਆਮੀ ਅੰਤਰਜਾਮੀ, ਮਾਨੁਖ ਦੇਹ ਕਾ ਇਹੁ ਊਤਮ ਫਲੁ ॥੧॥ ਬੇਦ ਬਖਿਆਨ ਕਰਤ ਸਾਧੂ ਜਨ, ਭਾਗਹੀਨ ਸਮਝਤ ਨਹੀ ਖਲੁ ॥ ਪ੍ਰੇਮ ਭਗਤਿ ਰਾਚੇ ਜਨ ਨਾਨਕ, ਹਰਿ ਸਿਮਰਨਿ ਦਹਨ ਭਏ ਮਲ ॥੨॥੭॥੨੬॥ ਹੇ ਮਾਈ! ਮਾਇਆ ਛਲ ਰੂਪ ਹੈ।ਗੋਬਿੰਦ ਦੇ ਭਜਨ ਤੋਂ ਬਿਨਾ (ਇਹ ਮਾਇਆ) ਕੱਖਾਂ ਦੀ ਅੱਗ, ਬੱਦਲਾਂ ਦੀ ਛਾਂ ਤੇ ਹੜ੍ਹ ਦੇ ਪਾਣੀ ਵਾਂਗ ਹੈ (ਜਿਵੇਂ ਕੱਖਾਂ ਦੀ ਅੱਗ ਛੇਤੀ ਬੁਝ ਜਾਂਦੀ ਹੈ, ਬੱਦਲਾਂ ਦੀ ਛਾਂ ਤੇ ਹੜ੍ਹ ਦਾ ਪਾਣੀ ਸਦਾ ਨਹੀਂ ਰਹਿੰਦੇ)।ਰਹਾਉ।(ਹੇ ਭਾਈ!) ਬਹੁਤੀ ਸਿਆਣਪ ਤੇ ਚਤਰਾਈ ਛਡ ਕੇ ਦੋਵੇਂ ਹੱਥ ਜੋੜ ਕੇ ਗੁਰੂ ਦੇ ਰਸਤੇ ਤੇ ਚੱਲ।(ਤੂੰ) ਅੰਤਰਜਾਮੀ ਮਾਲਕ ਪ੍ਰਭੂ ਦਾ ਸਿਮਰਨ ਕਰ, ਮਨੱਖਾ ਸਰੀਰ ਦਾ ਇਹੋ ਉਤਮ ਫਲ ਹੈ।੧।(ਹੇ ਭਾਈ!) ਸਾਧੂ ਲੋਕ ਬੇਦਾਂ ਦੀ ਵਿਆਖਿਆ ਕਰਦੇ ਹਨ, (ਪਰ) ਅਭਾਗਾ ਮੂਰਖ ਮਨੁੱਖ (ਇਸ ਗਿਆਨ ਨੂੰ) ਸਮਝਦਾ ਨਹੀਂ।ਨਾਨਕ ਗੁਰੂ ਜੀ ਆਖਦੇ ਹਨ ਕਿ ਜੋ ਪੁਰਖ ਪ੍ਰਭੂ ਦੀ ਪ੍ਰੇਮਾ ਭਗਤੀ ਵਿਚ ਰਚੇ ਹੋਏ ਹਨ, ਹਰੀ ਦੇ ਸਿਮਰਨ ਨਾਲ (ਉਨ੍ਹਾਂ ਦੇ ਸਾਰੇ) ਪਾਪ ਸੜ ਗਏ ਹਨ।੨।੭।੨੬।

ਪਦਾਰਥ = ਮਾਈ–ਹੇ ਮਾਈ!।ਛਲੁ–ਧੋਖਾ।ਤ੍ਰਿਣ ਕੀ–ਕੱਖਾਂ ਦੀ।ਮੇਘ–ਬੱਦਲ।ਛਾਇਆ–ਛਾਂ।ਹੜ ਕਾ–ਹੜ੍ਹ ਦਾ।ਰਹਾਉ।ਬਹੁ–ਬਹੁਤ।ਦੁਇ ਕਰ–ਦੋਵੇਂ ਹੱਥ।ਜੋੜਿ–ਜੋੜ ਕੇ।ਮਗਿ–ਰਸਤੇ ਉਤੇ।ਸੁਆਮੀ–ਮਾਲਕ ਪ੍ਰਭੂ।ਦੇਹ–ਸਰੀਰ।੧।ਬੇਦ ਬਖਿਆਨ–ਬੇਦਾਂ ਦੀ ਵਿਆਖਿਆ (ਗਿਆਨ ਦਾ ਉਪਦੇਸ਼)।ਕਰਤ–ਕਰਦੇ ਹਨ।ਸਾਧੂ ਜਨ–ਸਾਧੂ ਲੋਕ।ਭਾਗਹੀਨ–ਅਭਾਗਾ।ਖਲੁ–ਮੂਰਖ।ਰਾਚੇ–ਰਚੇ ਹੋਏ ਹਨ।ਸਿਮਰਨਿ–ਸਿਮਰਨ ਨਾਲ।ਦਹਨ ਭਏ–ਸੜ ਗਏ ਹਨ।ਮਲ–ਪਾਪ; ਕਾਮਾਦਿਕ ਭਲਵਾਨ।੨।੭।੨੬।

ਟੋਡੀ ਮਹਲਾ ੫ ॥ ਮਾਈ ਚਰਨ ਗੁਰ ਮੀਠੇ ॥ ਵਡੈ ਭਾਗਿ ਦੇਵੈ ਪਰਮੇਸਰੁ ,ਕੋਟਿ ਫਲਾ ਦਰਸਨ ਗੁਰ ਡੀਠੇ ॥ਰਹਾਉ॥ ਗੁਨ ਗਾਵਤ ਅਚੁਤ ਅਬਿਨਾਸੀ, ਕਾਮ ਕ੍ਰੋਧ ਬਿਨਸੇ ਮਦ ਢੀਠੇ ॥ ਅਸਥਿਰ ਭਏ ਸਾਚ ਰੰਗਿ ਰਾਤੇ, ਜਨਮ ਮਰਨ ਬਾਹੁਰਿ ਨਹੀ ਪੀਠੇ ॥੧॥ ਬਿਨੁ ਹਰਿ ਭਜਨ ਰੰਗ ਰਸ ਜੇਤੇ, ਸੰਤ ਦਇਆਲ ਜਾਨੇ ਸਭਿ ਝੂਠੇ ॥ ਨਾਮ ਰਤਨੁ ਪਾਇਓ ਜਨ ਨਾਨਕ, ਨਾਮ ਬਿਹੂਨ ਚਲੇ ਸਭਿ ਮੂਠੇ ॥ ੨॥੮॥੨੭॥ ਹੇ ਮਾਈ! ਗੁਰੂ ਦੇ ਚਰਨ ਬਹੁਤ ਮਿੱਠੇ ਹਨ।ਵੱਡੇ ਭਾਗਾਂ ਨਾਲ ਪ੍ਰਮੇਸਰ (ਜਿਸ ਮਨੁੱਖ ਨੂੰ ਗੁਰੂ ਦੇ ਚਰਨਾਂ ਦਾ ਪਿਆਰ) ਦੇਂਦਾ ਹੈ, (ਉਸ ਨੂੰ) ਗੁਰੂ ਦੇ ਦਰਸ਼ਨ ਦੇਖਣ ਨਾਲ ਕ੍ਰੋੜਾਂ ਪੁੰਨਾਂ ਦਾ ਫਲ ਮਿਲਦਾ ਹੈ।ਰਹਾਉ।ਅਟੱਲ ਤੇ ਨਾਸ਼ ਰਹਿਤ

ਪ੍ਰਭੂ ਦੇ ਗੁਣ ਗਾਉਂਦਿਆਂ (ਉਨ੍ਹਾਂ ਦੇ) ਢੀਠ ਕਾਮ ਕ੍ਰੋਧ ਤੇ ਹੰਕਾਰ ਆਦਿਕ ਵਿਕਾਰ ਨਾਸ਼ ਹੋ ਗਏ ਹਨ।(ਕਿਉਂਕਿ ਉਹ ਮਨੁੱਖ) ਸੱਚੇ ਹਰੀ ਦੇ ਪ੍ਰੇਮ ਵਿਚ ਰੰਗੇ ਹੋਏ ਅਚੱਲ (ਅਮਰ) ਹੋ ਗਏ ਹਨ, (ਉਹ) ਮੁੜ ਕੇ ਜਨਮ ਮਰਨ (ਰੂਪ ਚੱਕੀ) ਵਿਚ ਨਹੀਂ ਪੀਸੇ ਜਾਣਗੇ।੧।ਹਰੀ ਦੇ ਭਜਨ ਤੋਂ ਬਿਨਾ ਜਿਤਨੇ ਵੀ ਦੁਨਿਆਵੀ ਤਮਾਸ਼ੇ ਤੇ ਪਦਾਰਥਾਂ ਦੇ ਸੁਆਦ ਹਨ, ਦਇਆ ਦੇ ਘਰ ਪ੍ਰਭੂ ਦੇ ਸੰਤਾਂ ਨੇ ਸਾਰੇ ਝੂਠੇ ਜਾਣੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਸੰਤ ਜਨਾਂ ਨੇ ਹਰੀ ਦਾ ਨਾਮ ਰਤਨ ਪ੍ਰਾਪਤ ਕਰ ਲਿਆ ਹੈ ਅਤੇ ਨਾਮ ਤੋਂ ਖਾਲੀ ਮਨੁੱਖ (ਕਾਮਾਦਿਕਾਂ ਦੇ ਹੱਥੋਂ) ਠੱਗੇ ਹੋਏ ਪ੍ਰਲੋਕ ਨੂੰ ਚਲੇ ਗਏ ਹਨ।੨।੮।੨੭।

ਪਦਾਰਥ = ਮਾਈ–ਹੇ ਮਾਂ!।ਮੀਠੇ–ਪਿਆਰੇ।ਵਡੈ ਭਾਗਿ–ਵੱਡੇ ਭਾਗਾਂ ਨਾਲ।ਦੇਵੈ–ਦੇਂਦਾ ਹੈ।ਕੋਟਿ ਫਲਾ–ਕ੍ਰੋੜਾਂ ਪੁੰਨਾਂ ਦਾ ਫਲ। ਡੀਠੇ–ਦੇਖਣ ਨਾਲ।ਰਹਾਉ।ਗਾਵਤ–ਗਾਉਂਦਿਆਂ।ਅਚੁਤ–ਕਦੇ ਨਾ ਡਿੱਗਣ ਵਾਲਾ; ਸਦਾ ਕਾਇਮ ਰਹਿਣ ਵਾਲਾ।ਅਬਿਨਾਸੀ–ਨਾਸ਼ ਰਹਿਤ।ਬਿਨਸੇ–ਨਾਸ਼ ਹੋ ਗਏ।ਮਦ–ਹੰਕਾਰ।ਢੀਠੇ–ਜ਼ਿੱਦੀ (ਜੋ ਹਟਾਇਆਂ ਨਾ ਹਟੇ)।ਅਸਥਿਰ–ਅਚੱਲ (ਅਮਰ)।ਭਏ–ਹੋ ਗਏ। ਸਾਚ ਰੰਗਿ–ਸੱਚੇ ਪ੍ਰਭੂ ਦੇ ਪ੍ਰੇਮ ਵਿਚ।ਰਾਤੇ–ਰੰਗੇ ਗਏ ਹਨ।ਬਾਹੁਰਿ–ਮੁੜ ਦੁਬਾਰਾ।ਨਹੀ ਪੀਠੇ–ਪੀਸੇ ਨਹੀਂ ਜਾਣਗੇ।੧।ਰੰਗ–ਤਮਾਸ਼ੇ।ਰਸ–ਸੁਆਦ।ਜੇਤੇ–ਜਿਤਨੇ ਵੀ।ਸੰਤ ਦਇਆਲ–ਦਇਆ ਦੇ ਘਰ ਪ੍ਰਭੂ ਦੇ ਸੰਤਾਂ ਨੇ; (ਜਿਨ੍ਹਾਂ ਉਤੇ) ਸੰਤ ਗੁਰ ਦਿਆਲ ਹੋਏ ਹਨ।ਨਾਮ ਰਤਨੁ–ਅਮੋਲਕ ਨਾਲ।ਬਿਹੂਨ–ਬਿਨਾ; ਖਾਲੀ।ਮੂਠੇ–ਠੱਗੇ ਹੋਏ।੨।੮।੨੭।

ਟੋਡੀ ਮਹਲਾ ੫ ॥ ਸਾਧ ਸੰਗਿ ਹਰਿ ਹਰਿ ਨਾਮੁ ਚਿਤਾਰਾ ॥ ਸਹਜਿ ਅਨੰਦੁ ਹੋਵੈ ਦਿਨੁ ਰਾਤੀ, ਅੰਕੁਰੁ ਭਲੋ ਹਮਾਰਾ ॥ਰਹਾਉ॥ ਗੁਰੁ ਪੂਰਾ ਭੇਟਿਓ ਬਡਭਾਗੀ, ਜਾ ਕੋ ਅੰਤੁ ਨ ਪਾਰਾਵਾਰਾ ॥ ਕਰੁ ਗਹਿ ਕਾਢਿ ਲੀਓ ਜਨੁ ਅਪੁਨਾ, ਬਿਖੁ ਸਾਗਰ ਸੰਸਾਰਾ ॥੧॥ ਜਨਮ ਮਰਨ ਕਾਟੇ ਗੁਰ ਬਚਨੀ, ਬਹੁੜਿ ਨ ਸੰਕਟ ਦੁਆਰਾ ॥ ਨਾਨਕ ਸਰਨਿ ਗਹੀ ਸੁਆਮੀ ਕੀ, ਪੁਨਹ ਪੁਨਹ ਨਮਸਕਾਰਾ ॥੨॥੯॥੨੮॥ (ਹੇ ਭਾਈ! ਅਸੀਂ) ਸਾਧ ਸੰਗਤ ਵਿਚ ਹਰਿ ਹਰਿ ਨਾਮ ਸਿਮਰਿਆ ਹੈ।(ਹੁਣ ਸਾਨੂੰ) ਦਿਨ ਰਾਤ ਆਤਮਕ ਅਨੰਦ ਪ੍ਰਾਪਤ ਹੋ ਗਿਆ ਹੈ, ਸਾਡੇ (ਪਿਛਲੇ ਜਨਮਾਂ ਦੇ ਕੀਤੇ) ਕਰਮਾਂ ਦਾ ਚੰਗਾ ਅੰਗੂਰ ਪੁੰਗਰ ਪਿਆ ਹੈ।ਰਹਾਉ।(ਹੇ ਭਾਈ!) ਵੱਡੇ ਭਾਗਾਂ ਨਾਲ ਪੂਰਨ ਗੁਰੂ ਮਿਲ ਗਿਆ ਹੈ, ਜਿਸ ਦੇ ਗੁਣਾਂ ਦੇ ਪਾਰਾਵਾਰ ਦਾ ਅੰਤ ਨਹੀ।ਉਸ ਨੇ ਮਨ ਰੂਪ ਹੱਥ ਫੜ ਕੇ ਅਪਣੇ ਦਾਸ ਨੂੰ ਜਹਿਰ ਰੂਪ ਸੰਸਾਰ ਸਾਗਰ ਵਿਚੋਂ ਕੱਢ ਲਿਆ ਹੈ।੧।ਗੁਰੂ ਦੇ ਬਚਨਾਂ ਨਾਲ (ਸਾਡਾ) ਜਨਮ ਮਰਨ ਕੱਟਿਆ ਗਿਆ ਹੈ, ਮੁੜ ਕੇ (ਜਨਮ ਮਰਨ ਦੇ) ਦੁਖਾਂ ਦਾ ਦਰ ਨਹੀਂ ਦੇਖਣਾ ਪਵੇਗਾ।ਨਾਨਕ ਗੁਰੂ ਜੀ ਆਖਦੇ ਹਨ ਕਿ ਅਸੀਂ ਮਾਲਕ ਪ੍ਰਭੂ ਦੀ ਸ਼ਰਣ ਗ੍ਰਹਿਣ ਕੀਤੀ ਹੈ ਅਤੇ ਬਾਰ ਬਾਰ (ਉਸ ਨੂੰ) ਨਮਸ਼ਕਾਰ ਕਰਦੇ ਹਾਂ।੨।੯।੨੮।

ਪਦਾਰਥ = ਸੰਗਿ–ਸੰਗਤ ਵਿਚ।ਚਿਤਾਰਾ–ਸਿਮਰਿਆ ਹੈ।ਸਹਜਿ ਅਨੰਦੁ–ਆਤਮਕ ਅਨੰਦ; ਸਹਿਜ ਅਵਸਥਾ ਦਾ ਅਨੰਦ।ਅੰਕੁਰੁ–ਬੀਜ ਵਿਚੋਂ ਫੁੱਟ ਕੇ ਨਿਕਲੀ ਪਹਿਲੀ ਕਰੂੰਮਲ (ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦੀ ਕਰੂੰਮਲ); ਕਿਸਮਤ।ਭਲੋ–ਉਤਮ।ਹਮਾਰਾ–ਸਾਡਾ।ਰਹਾਉ।ਭੇਟਿਓ–ਮਿਲ ਗਿਆ।ਬਡਭਾਗੀ–ਵੱਡੇ ਭਾਗਾਂ ਨਾਲ।ਜਾ ਕੋ–ਜਿਸ ਦਾ।ਪਾਰਾਵਾਰਾ–ਪਾਰਲਾ ਤੇ ਉਰਲਾ ਕੰਢਾ। ਕਰੁ–ਹੱਥ।ਗਹਿ–ਫੜ ਕੇ।ਬਿਖੁ–ਜਹਿਰ।੧।ਗੁਰ ਬਚਨੀ–ਗੁਰੂ ਦੇ ਬਚਨਾਂ ਨਾਲ।ਬਹੁੜਿ–ਮੁੜ ਕੇ।ਸੰਕਟ ਦੁਆਰਾ–(ਗਰਭ ਜੋਨਿ ਦੇ) ਦੁੱਖਾਂ ਦਾ ਦਰਵਾਜਾ।ਗਹੀ–ਫੜੀ ਹੈ; ਗ੍ਰਹਿਣ ਕੀਤੀ।ਸੁਆਮੀ ਕੀ–ਮਾਲਕ ਪ੍ਰਭੂ ਦੀ।ਪੁਨਹ ਪੁਨਹ–ਬਾਰ ਬਾਰ।੨।੯।੨੮।

ਟੋਡੀ ਮਹਲਾ ੫ ॥ ਮਾਈ ਮੇਰੇ ਮਨ ਕੋ ਸੁਖੁ ॥ ਕੋਟਿ ਅਨੰਦ ਰਾਜ ਸੁਖੁ ਭੁਗਵੈ, ਹਰਿ ਸਿਮਰਤ ਬਿਨਸੈ ਸਭ ਦੁਖੁ ॥ਰਹਾਉ॥ ਕੋਟਿ ਜਨਮ ਕੇ ਕਿਲਬਿਖ ਨਾਸਹਿ, ਸਿਮਰਤ ਪਾਵਨ ਤਨ ਮਨ ਸੁਖ ॥ ਦੇਖਿ ਸਰੂਪੁ ਪੂਰਨੁ ਭਈ ਆਸਾ, ਦਰਸਨੁ ਭੇਟਤ ਉਤਰੀ ਭੁਖ ॥੧॥ ਚਾਰਿ ਪਦਾਰਥ ਅਸਟ ਮਹਾ ਸਿਧਿ, ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ ॥ ਨਾਨਕ ਸਰਨਿ ਗਹੀ ਸੁਖ ਸਾਗਰ, ਜਨਮ ਮਰਨ ਫਿਰਿ ਗਰਭ ਨ ਧੁਖੁ ॥੨॥੧੦॥੨੯॥ ਹੇ ਮਾਂ! (ਵਾਹਿਗੁਰੂ ਦਾ ਨਾਮ ਜਪ ਕੇ) ਮੇਰੇ ਮਨ ਨੂੰ ਸੁਖ ਮਿਲ ਗਿਆ ਹੈ।(ਮੇਰੇ ਮਨ ਨੂੰ ਅਜੇਹਾ) ਅਨੰਦ ਪ੍ਰਾਪਤ ਹੋਇਆ ਹੈ, (ਜਿਵੇਂ ਕੋਈ ਮਨੁੱਖ) ਕ੍ਰੋੜਾਂ ਬਾਦਸ਼ਾਹੀਆਂ ਦਾ ਸੁਖ ਭੋਗਦਾ ਹੈ, (ਕਿਉਂਕਿ) ਹਰੀ ਦਾ ਨਾਮ ਸਿਮਰਦਿਆਂ ਸਭ ਤਰ੍ਹਾਂ ਦਾ ਦੁਖ ਨਾਸ਼ ਹੋ ਜਾਂਦਾ ਹੈ।ਰਹਾਉ।(ਹੇ ਭਾਈ!) ਹਰੀ ਦਾ ਨਾਮ ਸਿਮਰਦਿਆਂ ਕ੍ਰੋੜਾਂ ਜਨਮਾਂ ਦੇ ਪਾਪ ਨਾਸ਼ ਹੋ ਜਾਂਦੇ ਹਨ, ਮਨ ਤਨ ਪਵਿਤ੍ਰ ਹੋ ਜਾਂਦੇ ਹਨ ਅਤੇ (ਸਦੀਵੀ) ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ।ਪ੍ਰਭੂ ਦਾ ਸਰੂਪ ਦੇਖ ਕੇ ਮੇਰੇ

ਮਨ ਦੀ ਆਸ ਪੂਰੀ ਹੋ ਗਈ ਹੈ ਅਤੇ ਦਰਸ਼ਨ ਕਰਦਿਆਂ (ਸਭ ਤਰ੍ਹਾਂ ਦੀ) ਭੁੱਖ ਉਤਰ ਗਈ ਹੈ।੧।(ਹੇ ਭਾਈ!) ਚਾਰ ਪਦਾਰਥਾਂ ਦਾ, ਅੱਠ ਵੱਡੀਆਂ ਕਰਾਮਾਤੀ ਸ਼ਕਤੀਆਂ ਦਾ ਦਾਤਾ ਹਰੀ ਆਪ ਹੈ, ਕਾਮਧੇਨ ਗਊ ਅਤੇ ਪਾਰਜਾਤ ਬ੍ਰਿਛ ਵੀ ਹਰੀ ਆਪ ਹੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੇ) ਸੁੱਖਾਂ ਦੇ ਸਾਗਰ ਹਰੀ ਦੀ ਸ਼ਰਨ ਗ੍ਰਹਿਣ ਕੀਤੀ ਹੈ, (ਉਸ ਦਾ) ਮੁੜ ਕੇ ਜਨਮ ਮਰਨ ਨਹੀਂ ਹੁੰਦਾ ਅਤੇ ਨਾਹੀ (ਉਹ) ਗਰਭ ਵਿਚ ਧੁਖਦਾ (ਗੋਹੇ ਦੀ ਗਿੱਲੀ ਪਾਥੀ ਵਾਂਗ ਸੁਲ੍ਹਗਦਾ) ਹੈ।੨।੧੦।੨੯।

ਪਦਾਰਥ = ਮਾਈ–ਹੇ ਮਾਂ!।ਮਨ ਕੋ–ਮਨ ਨੂੰ।ਕੋਟਿ–ਕ੍ਰੋੜਾਂ।ਰਾਜ–ਬਾਦਸ਼ਾਹੀਆਂ ਦਾ।ਭੁਗਵੈ–ਮਾਣਦਾ ਹੈ।ਸਿਮਰਤ–ਸਿਮਰਦਿਆਂ ।ਬਿਨਸੈ–ਨਾਸ਼ ਹੋ ਜਾਂਦਾ ਹੈ।ਰਹਾਉ।ਕਿਲਬਿਖ–ਪਾਪ।ਨਾਸਹਿ–ਨੱਸ ਜਾਂਦੇ ਹਨ; ਨਾਸ਼ ਹੋ ਜਾਂਦੇ ਹਨ।ਪਾਵਨ–ਪਵਿਤ੍ਰ।ਪੂਰਨ ਭਈ–ਪੂਰੀ ਹੋ ਗਈ ਹੈ।ਭੇਟਤ–ਮਿਲਦਿਆਂ (ਕਰਦਿਆਂ)।੧।ਚਾਰਿ ਪਦਾਰਥ–ਧਰਮ ਅਰਥ ਕਾਮ ਤੇ ਮੋਖ।ਅਸਟ ਮਹਾ ਸਿਧਿ–ਅੱਠ ਵਡੀਆਂ ਕਰਾਮਾਤੀ ਸ਼ਕਤੀਆਂ।ਕਾਮਧੇਨੁ–ਸਭ ਪਦਾਰਥ ਦੇਣ ਵਾਲੀ ਸਵੱਰਗ ਦੀ ਗਾਂ।ਪਾਰਜਾਤ ਰੁਖੁ–ਇੰਦ੍ਰ ਦੇ ਬਾਗ ਦਾ ਦਰੱਖਤ, ਜੋ ਮਨ ਮੰਗੀਆਂ ਮੁਰਾਦਾਂ ਪੂਰੀਆਂ ਕਰਦਾ ਹੈ।ਗਹੀ–ਪਕੜੀ ਹੈ।ਫਿਰਿ–ਮੁੜ ਕੇ।ਧੁਖੁ–ਦੁੱਖ; ਸੁਲ੍ਹਗਣਾ।੨।੧੦।੨੯।

ਅੰਗ ੭੧੮ = ਹਰਿ ਹਰਿ ਚਰਨ ਰਿਦੈ ਉਰ ਧਾਰੇ ॥ ਸਿਮਰਿ ਸੁਆਮੀ ਸਤਿਗੁਰੁ ਅਪੁਨਾ, ਕਾਰਜ ਸਫਲ ਹਮਾਰੇ ॥੧॥ਰਹਾਉ॥ ਪੁੰਨ ਦਾਨ ਪੂਜਾ ਪਰਮੇਸੁਰ, ਹਰਿ ਕੀਰਤਿ ਤਤੁ ਬੀਚਾਰੇ ॥ ਗੁਨ ਗਾਵਤ ਅਤੁਲ ਸੁਖੁ ਪਾਇਆ, ਠਾਕੁਰ ਅਗਮ ਅਪਾਰੇ ॥੧॥ ਜੋ ਜਨ ਪਾਰਬ੍ਰਹਮਿ ਅਪਨੇ ਕੀਨੇ, ਤਿਨ ਕਾ ਬਾਹੁਰਿ ਕਛੁ ਨ ਬੀਚਾਰੇ ॥ ਨਾਮ ਰਤਨੁ ਸੁਨਿ ਜਪਿ ਜਪਿ ਜੀਵਾ, ਹਰਿ ਨਾਨਕ ਕੰਠ ਮਝਾਰੇ ॥੨॥੧੧॥੩੦॥ (ਹੇ ਭਾਈ! ਅਸੀਂ) ਹਰੀ ਦੇ ਚਰਨ ਧੁਰ ਹਿਰਦੇ ਅੰਦਰ ਟਿਕਾ ਲਏ ਹਨ।ਅਪਣੇ ਮਾਲਕ ਸਤਿਗੁਰੂ ਨੂੰ ਸਿਮਰ ਕੇ ਸਾਡੇ ਸਾਰੇ ਕਾਰਜ ਸਫਲ ਹੋ ਗਏ ਹਨ।੧।ਰਹਾਉ।(ਹੇ ਭਾਈ! ਅਸੀਂ ਇਹ) ਤੱਤ ਬਿਚਾਰਿਆ ਹੈ ਕਿ ਹਰੀ ਦਾ ਕੀਰਤਨ ਕਰਨਾ ਹੀ ਪੁੰਨ ਦਾਨ (ਆਦਿ ਕਰਮ) ਅਤੇ ਪ੍ਰਮੇਸਰ ਦੀ ਪੂਜਾ ਹੈ।ਮਨ ਬਾਣੀ ਦੀ ਪਹੁੰਚ ਤੋਂ ਪਰੇ ਬੇਅੰਤ ਮਾਲਕ ਪ੍ਰਭੂ ਦੇ ਗੁਣ ਗਾਉਂਦਿਆਂ ਅਸੀਂ ਅਤੋਲਵਾਂ ਸੁਖ ਪਾਇਆ ਹੈ।੧।ਜਿਹੜੇ ਪੁਰਖ ਪਾਰਬ੍ਰਹਮ ਨੇ ਅਪਣੇ ਸੇਵਕ ਬਣਾ ਲਏ ਹਨ, ਉਨ੍ਹਾਂ ਦੇ (ਚੰਗੇ ਮੰਦੇ ਕਰਮਾਂ ਦਾ ਲੇਖਾ ਉਹ) ਕੁਛ ਨਹੀਂ ਵਿਚਾਰਦਾ।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਹਰੀ ਦੇ ਰਤਨ ਵਰਗੇ ਅਮੋਲਕ ਨਾਮ ਨੂੰ ਸੁਣ ਕੇ ਅਤੇ ਜਪ ਜਪ ਕੇ ਜਿਉਂਦਾ ਹਾਂ, ਹਰੀ ਦਾ ਨਾਮ ਮੈਂ ਕੰਠ ਵਿਚ ਪਰੋ ਲਿਆ ਹੈ।੨।੧੧।੩੦।

ਪਦਾਰਥ = ਰਿਦੈ ਉਰ–ਧੁਰ ਹਿਰਦੇ ਅੰਦਰ।ਧਾਰੇ–ਟਿਕਾ ਲਏ ਹਨ।ਸਿਮਰਿ–ਸਿਮਰ ਕੇ।ਸੁਆਮੀ–ਮਾਲਕ ਪ੍ਰਭੂ।ਹਮਾਰੇ–ਸਾਡੇ। ੧।ਰਹਾਉ।ਕੀਰਤਿ–ਕੀਰਤਨ।ਤਤੁ ਬੀਚਾਰੇ–ਤੱਤ ਬਿਚਾਰਿਆ (ਨਿਚੋੜ ਕੱਢਿਆ) ਹੈ।ਗਾਵਤ–ਗਾਉਂਦਿਆਂ।ਅਤੁਲ–ਅਤੋਲਵਾਂ (ਜੋ ਤੋਲਿਆ ਨਾ ਜਾ ਸਕੇ); ਬੇਅੰਤ।ਠਾਕੁਰ–ਮਾਲਕ ਪ੍ਰਭੂ।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਪਾਰੇ–ਬੇਅੰਤ।੧।ਜਨ–ਮਨੁੱਖ; ਸੇਵਕ।ਪਾਰਬ੍ਰਹਮਿ–ਪਾਰਬ੍ਰਹਮ ਨੇ।ਕੀਨੇ–ਕਰ (ਬਣਾ) ਲਏ ਹਨ।ਤਿਨ ਕਾ–ਉਨ੍ਹਾਂ ਦਾ।ਬਾਹੁਰਿ–ਮੁੜ ਕੇ।ਨ ਬੀਚਾਰੇ–(ਚੰਗੇ ਮੰਦੇ ਕਰਮਾਂ ਦਾ ਲੇਖਾ) ਨਹੀਂ ਵਿਚਾਰਦਾ।ਜੀਵਾ–ਜਿਉਂਦਾ ਹਾਂ।ਕੰਠ ਮਝਾਰੇ–ਗਲੇ ਵਿਚ।੧।੧੧।੩੦।

ਟੋਡੀ ਮਹਲਾ ੯ ੧ੴ ਸਤਿਗੁਰ ਪ੍ਰਸਾਦਿ ॥ ਕਹਉ ਕਹਾ ਅਪਨੀ ਅਧਮਾਈ ॥ ਉਰਝਿਓ ਕਨਕ ਕਾਮਨੀ ਕੇ ਰਸ, ਨਹ ਕੀਰਤਿ ਪ੍ਰਭ ਗਾਈ ॥੧॥ਰਹਾਉ॥ ਜਗ ਝੂਠੇ ਕਉ ਸਾਚੁ ਜਾਨ ਕੈ, ਤਾ ਸਿਉ ਰੁਚ ਉਪਜਾਈ ॥ ਦੀਨ ਬੰਧ ਸਿਮਰਿਓ ਨਹੀ ਕਬਹੂ ,ਹੋਤ ਜੁ ਸੰਗਿ ਸਹਾਈ ॥੧॥ ਮਗਨ ਰਹਿਓ ਮਾਇਆ ਮੈ ਨਿਸ ਦਿਨ, ਛੁਟੀ ਨ ਮਨ ਕੀ ਕਾਈ ॥ ਕਹਿ ਨਾਨਕ ਅਬਿ ਨਾਹਿ ਅਨਤ ਗਤਿ, ਬਿਨੁ ਹਰਿ ਕੀ ਸਰਨਾਈ ॥੨॥੧॥ ੩੧॥ (ਹੇ ਭਾਈ!) ਮੈਂ ਅਪਣੀ ਨੀਚਤਾ ਕਿਥੋਂ ਤਕ ਬਿਆਨ ਕਰਾਂ? ਮੈਂ ਸੋਨੇ ਅਤੇ ਇਸਤ੍ਰੀ ਦੇ ਰਸ ਵਿਚ ਫਸਿਆ ਰਿਹਾ ਹਾਂ, ਪਰ ਪ੍ਰਭੂ ਦੀ ਕੀਰਤੀ ਨਹੀਂ ਗਾਈ।੧।ਰਹਾਉ।ਇਸ ਝੂਠੇ ਜਗਤ ਨੂੰ ਸੱਚਾ ਜਾਣ ਕੇ ਮੈਂ ਉਸ ਨਾਲ ਰੁਚੀ ਪੈਦਾ ਕੀਤੀ ਹੋਈ ਹੈ।ਗਰੀਬਾਂ ਦੇ ਮਿਤ੍ਰ ਪ੍ਰਭੂ ਨੂੰ ਕਦੇ ਯਾਦ ਨਹੀਂ ਕੀਤਾ, ਜੋ ਨਾਲ ਹੋ ਕੇ ਸਹਾਈ ਹੁੰਦਾ ਹੈ।੧।ਮੈਂ ਦਿਨ ਰਾਤ ਮਾਇਆ ਵਿਚ ਮਗਨ ਰਿਹਾ ਹਾਂ, (ਜਿਸ ਕਰਕੇ) ਮਨ ਦੀ ਅਵਿਦਿਆ ਰੂਪ ਮੈਲ ਦੂਰ ਨਹੀਂ ਹੋਈ।ਨਾਨਕ ਗੁਰੂ ਜੀ ਕਹਿੰਦੇ ਹਨ ਕਿ ਹਰੀ ਦੀ ਸਰਨ ਵਿਚ ਪਏ ਤੋਂ ਬਿਨਾ ਹੁਣ ਹੋਰ ਕਿਸੇ ਤਰ੍ਹਾਂ ਮੁਕਤੀ ਨਹੀਂ ਹੋ ਸਕਦੀ।੨।੧।੩੧।

ਪਦਾਰਥ = ਕਹਉ–ਮੈਂ ਆਖਾਂ।ਕਹਾ–ਕਿੱਥੋਂ ਤਕ।ਅਧਮਾਈ–ਨੀਚਤਾ।ਉਰਝਿਓ–ਫਸਿਆ ਰਿਹਾ ਹਾਂ।ਕਨਕ–ਸੋਨਾ।ਕਾਮਨੀ ਕੇ–

ਇਸਤ੍ਰੀ ਦੇ। ਰਸ-ਸੁਆਦਾਂ ਵਿਚ। ਕੀਰਤਿ-ਕੀਰਤਨ। ਨਹ ਗਾਈ-ਨਹੀਂ ਗਾਇਆ।੧। ਰਹਾਉ। ਜਗ-ਜਗਤ। ਕਉ-ਨੂੰ। ਸਾਚੁ ਜਾਨਿ ਕੈ-ਸੱਚਾ ਜਾਣ ਕੇ। ਤਾ ਸਿਉ-ਉਸ ਨਾਲ। ਰੁਚ-ਲਗਨ; ਪ੍ਰੀਤੀ। ਉਪਜਾਈ-ਪੈਦਾ ਕੀਤੀ ਹੋਈ ਹੈ। ਦੀਨ ਬੰਧ-ਗਰੀਬਾਂ ਦਾ ਮਿਤ੍ਰ। ਕਬਹੂ-ਕਦੇ। ਹੋਤ-ਹੁੰਦਾ ਹੈ। ਜੁ-ਜੋ। ਸੰਗਿ-ਨਾਲ। ਸਹਾਈ-ਸਹਾਇਤਾ ਕਰਨ ਵਾਲਾ।੧। ਮਗਨ-ਮਸਤ। ਮੈ-ਵਿਚ। ਨਿਸ-ਰਾਤ। ਕਾਈ-ਮੈਲ (ਪਾਣੀ ਉਤੇ ਛਾਇਆ ਹਰੇ ਰੰਗ ਦਾ ਜਾਲਾ)। ਅਬਿ-ਹੁਣ। ਅਨਤ-ਹੋਰ (ਕਿਸੇ ਤਰ੍ਹਾਂ)। ਗਤਿ-ਮੁਕਤੀ।੨।੧। ੩੧। ਟੋਡੀ ਰਾਗ ਵਿਚ ਮਹਲਾ ੪ ਦਾ ੧ ਸ਼ਬਦ, ਮਹਲਾ ੫ ਦੇ ੩੦ ਸ਼ਬਦ ਅਤੇ ਮਹਲਾ ੯ ਦਾ ੧ ਸ਼ਬਦ। ਸ਼ਬਦਾਂ ਦੀ ਕੁਲ ਗਿਣਤੀ ੩੨।

ਟੋਡੀ ਬਾਣੀ ਭਗਤਾਂ ਕੀ ੴ ਸਤਿਗੁਰ ਪ੍ਰਸਾਦਿ ॥ ਕੋਈ ਬੋਲੈ ਨਿਰਵਾ, ਕੋਈ ਬੋਲੈ ਦੂਰਿ ॥ ਜਲ ਕੀ ਮਾਛੁਲੀ ਚਰੈ ਖਜੂਰਿ ॥੧॥ ਕਾਂਇ ਰੇ ਬਕਬਾਦੁ ਲਾਇਓ ॥ ਜਿਨਿ ਹਰਿ ਪਾਇਓ, ਤਿਨਹਿ ਛਪਾਇਓ ॥੧॥ਰਹਾਉ॥ ਪੰਡਿਤੁ ਹੋਇ ਕੈ ਬੇਦੁ ਬਖਾਨੈ ॥ ਮੂਰਖੁ ਨਾਮ ਦੇਉ ਰਾਮਹਿ ਜਾਨੈ ॥੨॥੧॥ (ਹੇ ਭਾਈ!) ਕੋਈ ਮਨੁੱਖ ਕਹਿੰਦਾ ਹੈ ਕਿ ਪ੍ਰਭੂ ਨੇੜੇ ਹੈ ਅਤੇ ਕੋਈ ਕੋਹਿੰਦਾ ਹੈ ਕਿ ਪ੍ਰਭੂ ਦੂਰ ਹੈ ।(ਪਰ ਇਹ ਤਾਂ ਇਸ ਤਰ੍ਹਾਂ ਦਾ ਕਥਨ ਹੈ, ਜਿਵੇਂ ਕੋਈ ਕਹੇ ਕਿ ਮੈਂ) ਪਾਣੀ ਦੀ ਮੱਛੀ ਖਜੂਰ ਉਤੇ ਚੜ੍ਹਦੀ ਦੇਖੀ ਹੈ (ਹਰੀ ਬਿਆਨ ਨਹੀਂ ਹੋ ਸਕਦਾ, ਲੋਕ ਅੰਦਾਜੇ ਲਾਈ ਜਾਂਦੇ ਹਨ)।੧। ਹੇ ਭਾਈ! ਤੁਸੀਂ ਕਿਉਂ ਬਕਵਾਸ ਲਾਇਆ ਹੋਇਆ ਹੈ? ਜਿਸ ਪੁਰਖ ਨੇ ਹਰੀ ਨੂੰ ਪਾ ਲਿਆ ਹੈ, ਉਸ ਨੇ (ਅਪਣੇ ਆਪ ਨੂੰ) ਲੁਕਾਇਆ ਹੈ (ਹਰੀ ਦੀ ਪ੍ਰਾਪਤੀ ਵਾਲਾ ਮਨੁੱਖ ਅਪਣੇ ਆਪ ਨੂੰ ਪ੍ਰਗਟ ਨਹੀਂ ਕਰਦਾ, ਉਹ ਲੋਕਾਂ ਨੂੰ ਦਸਦਾ ਨਹੀਂ ਫਿਰਦਾ, ਉਸ ਦੀ ਪ੍ਰਾਪਤੀ ਦਾ ਪਤਾ ਅਪਣੇ ਆਪ ਲਗ ਜਾਂਦਾ ਹੈ)।੧। ਰਹਾਉ।(ਤੁਸੀਂ) ਪੰਡਤ ਹੋ ਕੇ ਬੇਦ ਨੂੰ ਪੜ੍ਹਦੇ ਹੋ (ਪਰ ਬੇਦ ਪੜ੍ਹ ਕੇ ਵੀ ਤੁਸੀਂ ਲੋਕ ਪ੍ਰਮਾਤਮਾ ਨੂੰ ਨਹੀ ਪਾ ਸਕੇ, ਮੈਂ ਬੇਦ ਸ਼ਾਸ਼ਤ੍ਰ ਨਹੀਂ ਪੜ੍ਹੇ, ਜਿਸ ਕਰਕੇ ਤੁਸੀਂ ਮੈਨੂੰ ਮੂਰਖ ਕਹਿੰਦੇ ਹੋ।ਮੈਂ) ਮੂਰਖ ਨਾਮ ਦੇਵ ਤਾਂ ਕੇਵਲ ਪ੍ਰਮਾਤਮਾ ਨੂੰ ਹੀ ਜਾਣਦਾ ਹਾਂ।੨।੧।

ਪਦਾਰਥ = ਬੋਲੈ-ਬੋਲਦਾ (ਕਹਿੰਦਾ) ਹੈ। ਨਿਰਵਾ-ਨੇੜੇ। ਜਲ ਕੀ-ਪਾਣੀ ਦੀ। ਚਰੈ-ਚੜ੍ਹਦੀ ਹੈ। ਖਜੂਰਿ-ਖਜੂਰ ਉਤੇ।੧। ਕਾਂਇ-ਕਿਉਂ; ਕਾਹਦੇ ਲਈ। ਰੇ-ਹੇ ਭਾਈ!। ਬਕਬਾਦ-ਬਕਵਾਸ; ਬਿਅਰਥ ਬਹਿਸ ਬਾਜੀ। ਜਿਨਿ-ਜਿਸ ਨੇ। ਤਿਨਹਿ-ਉਸ ਨੇ। ਛਪਾਇਓ-ਲੁਕਾਇਆ ਹੈ।੧। ਰਹਾਉ। ਹੋਇ ਕੈ-ਹੋ (ਬਣ) ਕੇ। ਬਖਾਨੈ-ਪੜ੍ਹਦਾ ਹੈਂ; ਵਿਆਖਿਆ ਕਰਦਾ ਹੈਂ। ਰਾਮਹਿ-ਪ੍ਰਮਾਤਮਾ ਨੂੰ।੨।੧।

ਸਾਰੰਸ਼ = ਵਿਦਿਆ ਦੇ ਬਲ ਨਾਲ ਰੱਬ ਵਾਰੇ ਬਹਿਸ ਕਰਨਾ ਬਿਅਰਥ ਹੈ, ਸਿਮਰਨ ਕਰਕੇ ਉਸ ਨੂੰ ਜਾਣਿਆ ਜਾ ਸਕਦਾ ਹੈ।

ਕਉਨੁ ਕੋ ਕਲੰਕੁ ਰਹਿਓ, ਰਾਮ ਨਾਮੁ ਲੇਤ ਹੀ ॥ ਪਤਿਤ ਪਵਿਤ ਭਏ, ਰਾਮੁ ਕਹਤ ਹੀ ॥੧॥ਰਹਾਉ॥ ਰਾਮ ਸੰਗਿ ਨਾਮਦੇਵ ਜਨ ਕਉ ਪ੍ਰਤਗਿਆ ਆਈ ॥ ਏਕਾਦਸੀ ਬ੍ਰਤੁ ਰਹੈ, ਕਾਹੇ ਕਉ ਤੀਰਥ ਜਾਈਂ ॥੧॥ ਭਨਤਿ ਨਾਮਦੇਉ ਸੁਕ੍ਰਿਤ ਸੁਮਤਿ ਭਏ ॥ ਗੁਰਮਤਿ ਰਾਮੁ ਕਹਿ, ਕੋ ਕੋ ਨ ਬੈਕੁੰਠਿ ਗਏ ॥੨॥੨॥ (ਹੇ ਭਾਈ! ਦੱਸੋ) ਰਾਮ ਦਾ ਨਾਮ ਲੈਣ ਨਾਲ ਕਿਸ ਦਾ ਕੋਈ ਦੋਸ਼ ਬਾਕੀ ਰਿਹਾ ਹੈ? (ਨਾਮ ਜਪਣ ਨਾਲ ਸਾਰੇ ਕਲੰਕ ਮਿਟ ਜਾਂਦੇ ਹਨ)। ਰਾਮ ਦਾ ਨਾਮ ਕਹਿੰਦਿਆਂ ਹੀ ਧਰਮ ਤੋਂ ਡਿੱਗੇ ਪਾਪੀ ਮਨੁੱਖ ਵੀ ਪਵਿਤ੍ਰ ਹੋ ਗਏ ਹਨ।੧। ਰਹਾਉ। ਦਾਸ ਨਾਮ ਦੇਵ ਨੂੰ ਰਾਮ ਦੀ ਸੰਗਤ ਕਰਕੇ ਦ੍ਰਿੜ ਪ੍ਰਤੀਤ ਆ ਗਈ ਹੈ (ਪ੍ਰਭੂ ਦੇ ਚਰਨਾਂ ਨਾਲ ਜੁੜ ਕੇ ਪੱਕਾ ਭਰੋਸਾ ਆ ਗਿਆ ਹੈ। ਕਿ) ਇਕਾਦਸ਼ੀ ਦਾ ਬਰਤ ਰੱਖਣਾ ਹੁਣ ਰਹਿ ਗਿਆ ਹੈ ਅਤੇ ਤੀਰਥਾਂ ਤੇ ਵੀ ਮੈਂ ਕਿਸ ਵਾਸਤੇ ਜਾਵਾਂ? (ਬਰਤ ਰੱਖਣ ਅਤੇ ਤੀਰਥ ਯਾਤਰਾ ਦੀ ਲੋੜ ਨਹੀਂ ਰਹੀ, ਨਾਮ ਸਿਮਰਨ ਸਭ ਧਾਰਮਕ ਕਰਮਾਂ ਤੋਂ ਉਚਾ ਹੈ)।੧। ਨਾਮ ਦੇਵ ਜੀ ਕਹਿੰਦੇ ਹਨ ਕਿ (ਜਿੰਨੇ ਵੀ) ਚੰਗੇ ਕਰਮ ਕਰਨ ਵਾਲੇ ਅਤੇ ਸ੍ਰੇਸਟ ਮੱਤ ਵਾਲੇ ਹੋਏ ਹਨ।(ਉਹ ਸਭ) ਗੁਰੂ ਦੀ ਸਿੱਖਿਆ ਤੇ ਚੱਲ ਕੇ ਕੋਣ ਕੌਣ ਬੈਕੁੰਠ ਨਹੀਂ ਗਏ? (ਹਰੀ ਦਾ ਨਾਮ ਜਪਣ ਵਾਲੇ ਸੱਚਖੰਡ ਦੇ ਵਾਸੀ ਬਣ ਜਾਂਦੇ ਹਨ)।੨।੨।

ਪਦਾਰਥ = ਕਉਨੁ ਕੋ-ਕਿਸ ਦਾ। ਕਲੰਕ-ਦੋਸ਼; ਪਾਪ। ਲੇਤ ਹੀ-ਲੈਣ (ਸਿਮਰਨ ਕਰਨ) ਨਾਲ। ਪਤਿਤ-ਪਾਪੀ। ਪਵਿਤ-ਪਵਿਤ੍ਰ। ਭਏ -ਹੋ ਗਏ। ਕਹਤ ਹੀ-ਕਹਿੰਦਿਆਂ ਹੀ।੧। ਰਹਾਉ। ਰਾਮ ਸੰਗਿ-ਪ੍ਰਭੂ ਦੀ ਸੰਗਤ ਕਰਕੇ (ਹਰੀ ਦੇ ਚਰਨਾਂ ਨਾਲ ਜੁੜ ਕੇ)। ਜਨ ਕਉ-ਦਾਸ ਨੂੰ। ਪ੍ਰਤਗਿਆ-ਦ੍ਰਿੜ ਨਿਸ਼ਚਾ। ਏਕਾਦਸੀ ਬ੍ਰਤ-ਇਕਾਦਸ਼ੀ ਦਾ ਬਰਤ। ਰਹੈ-ਰਹਿ (ਮੁੱਕ) ਗਿਆ (ਲੋੜ ਨਹੀਂ

ਰਹੀ)।ਕਾਹੇ ਕਉ–ਕਿਸ ਵਾਸਤੇ।ਜਾਏਂ–ਜਾਵਾਂ।੧।ਭਨਤਿ ਕਹਿੰਦਾ ਹੈ।ਸੁਕ੍ਰਿਤ–ਚੰਗੇ ਕਰਮ ਕਰਨ ਵਾਲੇ।ਸੁਮਤਿ–ਸ੍ਰੇਸ਼ਟ ਮੱਤ ਵਾਲੇ।ਗੁਰਮਤਿ–ਗੁਰੂ ਦੀ ਸਿਖਿਆ ਤੇ ਚੱਲ ਕੇ।ਕੋ ਕੋ–ਕੌਣ ਕੌਣ।ਬੈਕੁੰਠਿ–ਵਿਸ਼ਨੂੰ ਦਾ ਲੋਕ (ਨਿਰੰਕਾਰ ਦਾ ਦੇਸ਼)।੨।੨।

ਤੀਨਿ ਛੰਦੇ ਖੇਲੁ ਆਛੈ ॥੧॥ਰਹਾਉ॥ ਕੁੰਭਾਰ ਕੇ ਘਰ ਹਾਂਡੀ ਆਛੈ, ਰਾਜਾ ਕੇ ਘਰ ਸਾਂਡੀ ਗੋ ॥ ਬਾਮਨ ਕੇ ਘਰ ਰਾਂਡੀ ਆਛੈ, ਰਾਂਡੀ ਸਾਂਡੀ ਹਾਂਡੀ ਗੋ ॥੧॥ ਬਾਣੀਏ ਕੇ ਘਰ ਹੀਂਗੁ ਆਛੈ, ਭੈਸਰ ਮਾਥੈ ਸੀਂਗ ਗੋ ॥ ਦੇਵਲ ਮਧੇ ਲੀਗੁ ਆਛੈ, ਲੀਗੁ ਸੀਗੁ ਹੀਗ ਗੋ ॥੨॥ ਤੇਲੀ ਕੈ ਘਰ ਤੇਲੁ ਆਛੈ, ਜੰਗਲ ਮਧੇ ਬੇਲ ਗੋ ॥ ਮਾਲੀ ਕੇ ਘਰ ਕੇਲ ਆਛੈ, ਕੇਲ ਬੇਲ ਤੇਲ ਗੋ ॥੩॥ ਸੰਤਾਂ ਮਧੇ ਗੋਬਿੰਦੁ ਆਛੈ, ਗੋਕਲ ਮਧੇ ਸਿਆਮ ਗੋ ॥ ਨਾਮੇ ਮਧੇ ਰਾਮੁ ਆਛੈ, ਰਾਮ ਸਿਆਮ ਗੋਬਿੰਦ ਗੋ ॥੪॥੩॥ (ਹਰ ਇਕ) ਛੰਦ ਵਿਚ ਤਿੰਨਾਂ ਚੀਜਾਂ ਦੀ ਖੇਡ ਹੈ (ਸ਼ਬਦਾਰਥ)।੧।ਰਹਾਉ।ਜਿਵੇਂ ਘੁਮਿਆਰ ਦੇ ਘਰ ਹਾਂਡੀ ਹੈ ਅਤੇ ਰਾਜਾ ਦੇ ਘਰ (ਸਵਾਰੀ ਲਈ) ਹਾਥੀ ਹੁੰਦਾ ਹੈ।ਬ੍ਰਾਹਮਣ ਦੇ ਘਰ ਵਿਧਵਾ ਹੁੰਦੀ ਹੈ (ਪੁਰਾਤਨ ਨੇਮਾਂ ਦਾ ਬੱਧਾ ਹੋਣ ਕਰਕੇ ਧੀ ਭੈਣ ਵਿਧਵਾ ਹੀ ਬੈਠੀ ਰਹਿੰਦੀ ਸੀ (ਸ਼ਬਦਾਰਥ, ਇਨ੍ਹਾਂ ਤਿੰਨਾਂ ਦੇ ਘਰ ਵਿਚ) ਰਾਂਡੀ, ਸਾਂਡੀ ਤੇ ਹਾਂਡੀ ਪ੍ਰਮੁੱਖ ਹੈ।੧।ਬਾਣੀਏ ਦੇ ਘਰ ਵਿਚ ਹਿੰਗ ਆਦਿ ਸੌਦਾ ਹੁੰਦਾ ਹੈ ਅਤੇ ਮੱਝ ਦੇ ਮੱਥੇ ਉਤੇ ਹੁੰਦੇ ਹਨ।ਸ਼ਿਵ ਮੰਦਰ ਵਿਚ ਸ਼ਿਵ ਲਿੰਗ ਹੁੰਦਾ ਹੈ, (ਇਨ੍ਹਾਂ ਤਿੰਨਾਂ ਥਾਵਾਂ ਤੇ) ਸ਼ਿਵ ਲਿੰਗ, ਸਿੰਗ ਤੇ ਹਿੰਗ ਪ੍ਰਮੁਖ ਹੈ।੨।ਤੇਲੀ ਦੇ ਘਰ ਤੇਲ ਹੁੰਦਾ ਹੈ ਅਤੇ ਜੰਗਲ ਵਿਚ ਬੇਲਾਂ ਦੀ ਹਰਿਆਲੀ ਹੁੰਦੀ ਹੈ।ਮਾਲੀ ਦੇ ਘਰ (ਬਗੀਚੇ) ਵਿਚ ਕੇਲਾ ਆਦਿਕ ਫਲ ਹੁੰਦਾ ਹੈ, (ਇਨ੍ਹਾਂ ਤਿੰਨਾਂ ਥਾਵਾਂ ਤੇ) ਕੇਲਾ, ਬੇਲ ਤੇ ਤੇਲ ਪ੍ਰਮੁੱਖ ਹੁੰਦਾ ਹੈ।੩।ਸੰਤਾਂ ਦੇ ਦਿਲ ਵਿਚ ਗੋਬਿੰਦ ਹੈ ਅਤੇ ਬਿੰਦ੍ਰਾਬਨ ਵਿਚ ਕ੍ਰਿਸ਼ਨ ਜੀ ਹੈ।(ਇਸੇ ਤਰ੍ਹਾਂ) ਨਾਮ ਦੇਵ ਦੇ ਹਿਰਦੇ ਵਿਚ ਪ੍ਰਮਾਤਮਾ ਹੈ, (ਇਨ੍ਹਾਂ ਤਿੰਨਾਂ ਜਗ੍ਹਾ ਤੇ) ਰਾਮ, ਸਿਆਮ ਤੇ ਗੋਬਿੰਦ ਸੋਭਦਾ ਹੈ।੪।੩।

ਤੀਨਿ ਛੰਦੇ = ੧. ਤਿੰਨ ਭਾਗਾਂ ਦਾ ਖੇਲ ਬਣ ਰਿਹਾ ਹੈ (ਗੁ. ਗ੍ਰੰ. ਕੋਸ਼)।੨. ਇਸ ਛੰਤ ਵਿਚ ਤਿੰਨ ਦ੍ਰਿਸ਼ਟਾਂਤਾਂ ਦਾ ਖੇਲ ਵਰਨਣ ਹੈ (ਫ.ਸ.)।੩. ਕਰਮ ਉਪਾਸ਼ਨਾ ਤੇ ਗਿਆਨ ਤਿੰਨਾਂ ਭਾਗਾਂ ਦਾ ਖੇਲ ਹੈ (ਫ.ਸ.; ਸੰ.ਸ.)।੪. ਇਸ ਛੰਦ (ਸ਼ਬਦ) ਦੁਆਰਾ ਤਿੰਨ ਪ੍ਰਕਾਰ ਦਾ ਖੇਲ ਦਸਦੇ ਹਾਂ (ਸੰ.ਸ.)।੪. (ਸਾਰੇ ਜਗਤ ਦੀ) ਖੇਡ ਤਿੰਨ (ਛੰਦੇ) ਭਾਗਾਂ ਵਿਚ ਹੈ (ਪੰ.ਨਰੈਣ ਸਿੰਘ)।

ਬਾਮਨ ਕੇ ਘਰ = ੧. ਬਾਹਮਣ ਦੇ ਘਰ ਇਸਤ੍ਰੀ ਹੁੰਦੀ ਹੈ (ਕਿਉਂਕਿ ਜੇ ਬ੍ਰਾਹਮਣ ਇਸਤ੍ਰੀ ਤੋਂ ਬਿਨਾ ਹੈ, ਉਹ ਦਾਨ ਨਹੀਂ ਲੈ ਸਕਦਾ ਤੇ ਨਾ ਜੱਗ ਆਦਿ ਕਰਾ ਸਕਦਾ ਹੈ।ਗੁ. ਗ੍ਰੰ. ਕੋਸ਼)।੨. ਬਾਹਮਣ ਦੇ ਘਰ (ਸ਼ਗਨ ਮਹੂਰਤ ਵਿਚਾਰਨ ਵਾਲੀ) ਪੱਤਰੀ ਹੁੰਦੀ ਹੈ।

ਪਦਾਰਥ = ਤੀਨਿ–ਤਿੰਨ।ਛੰਦੇ–ਛੰਦ (ਸ਼ਬਦ) ਵਿਚ; ਭਾਗਾਂ (ਹਿੱਸਿਆਂ) ਦਾ।ਖੇਲੁ–ਖੇਡ।ਆਛੈ–ਹੈ।ਰਹਾਉ।ਕੁੰਭਾਰ–ਘੁਮਿਆਰ। ਹਾਂਡੀ–ਤੌੜੀ।ਸਾਂਡੀ–ਹਾਥੀ; ਊਂਠ; ਸੈਨਾ; ਰਾਜਨੀਤੀ।ਗੋ–ਹੈ (ਮ.ਕੋ.)।ਬਾਮਨ–ਬ੍ਰਾਹਮਣ।ਰਾਂਡੀ–(ਮਰਾਠੀ) ਰੰਨ (ਇਸਤ੍ਰੀ); ਬੇਦ ਮੰਤ੍ਰਾਂ ਦਾ ਸਮੂਹ; ਵਿਧਵਾ; ਪੱਤਰੀ।੧।ਬਾਣੀਏ ਕੇ–ਦੁਕਾਨਦਾਰ ਦੇ।ਹੀਂਗੁ–ਹਿੰਗ।ਭੈਸਰ ਮਾਥੈ–ਮੱਝ ਦੇ ਮੱਥੇ ਉਤੇ।ਸੀਂਗੁ–ਸਿੰਗ। ਮਧੇ–ਵਿਚ।ਦੇਵਲ–ਸ਼ਿਵ ਮੰਦਰ।ਲੀਗੁ–ਸ਼ਿਵ ਲਿੰਗ।੨।ਤੇਲੀ–ਕੋਹਲੂ ਰਾਹੀਂ ਤੇਲ ਕੱਢਣ ਵਾਲਾ ਮਨੁੱਖ।ਬੇਲ–ਲਤਾ (ਵੇਲਾਂ)। ਕੇਲ–ਕੇਲਾ ਫਲ।੩।ਗੋਕਲ–ਮਥਰਾ ਦੇ ਦੱਖਣ ਵਾਲੇ ਪਾਸੇ ਜਮਨਾ ਦੇ ਕਿਨਾਰੇ ਇਕ ਪਿੰਡ, ਜਿਥੇ ਨੰਦ ਗੁਆਲਾ ਰਹਿੰਦਾ ਸੀ, ਇਥੇ ਕ੍ਰਿਸ਼ਨ ਜੀ ਗਊਆਂ ਚਾਰਦੇ ਰਹੇ ਹਨ।ਸਿਆਮ–ਕ੍ਰਿਸ਼ਨ ਜੀ।ਨਾਮੇ–ਨਾਮ ਦੇਵ ਜੀ।ਰਾਮੁ–ਸਰਬ ਵਿਆਪਕ ਪ੍ਰਮਾਤਮਾ।੪।੩।

ਵਿਆਖਿਆ = ਘੁਮਿਆਰ ਸੋਹਣਾ ਲਗਦਾ ਹੈ, ਜੇ ਉਸ ਦੇ ਘਰ ਵਿਚ ਹਾਂਡੀ ਆਦਿ ਭਾਂਡੇ ਹੋਣ, ਰਾਜੇ ਦੇ ਘਰ ਸਾਂਡੀ ਸੋਹਣੀ ਲਗਦੀ ਹੈ।ਬਾਮ੍ਹਣ ਦੇ ਘਰ ਵਿਧਵਾ ਇਸਤ੍ਰੀ ਸੋਭਦੀ ਹੈ, ਕਿਉਂਕਿ ਲੋਕ ਲਾਜ ਦੇ ਕਾਰਣ ਉਸ ਨੂੰ ਸਾਰੀ ਉਮਰ ਵਿਧਵਾ ਰਹਿਣਾ ਪੈਂਦਾ ਹੈ। ਬਾਣੀਏ ਦੇ ਘਰ ਹਿੰਗ ਆਦਿ ਚੀਜਾਂ ਸੋਭਦੀਆਂ ਹਨ ਅਤੇ ਮੱਝਾਂ ਦੇ ਸਿਰਾਂ ਉਤੇ ਕੁੰਢੇ ਸਿੰਗ ਸੋਹਣੇ ਲਗਦੇ ਹਨ।ਦੇਵਾਲਿਆਂ ਵਿਚ ਸ਼ਿਵ ਲਿੰਗ ਸੋਭਦਾ ਹੈ।ਤੇਲੀ ਦੇ ਘਰ ਤੇਲ ਅਤੇ ਜੰਗਲ ਵਿਚ ਵੇਲਾਂ ਆਦਿ ਦੀ ਹਰਿਆਲੀ ਸੋਹਣੀ ਲਗਦੀ ਹੈ।ਗੋਕਲ ਵਿਚ ਕ੍ਰਿਸ਼ਨ ਦੀ ਪੂਜਾ ਹੁੰਦੀ ਹੈ।ਸਾਰਾ ਸੰਸਾਰ ਆਪੋ ਅਪਣੇ ਧੰਧਿਆਂ ਵਿਚ ਰੁੱਝਿਆ ਹੋਇਆ ਹੈ, ਪਰ ਸੰਤ ਪ੍ਰਮਾਤਮਾ ਨਾਲ ਜੁੜੇ ਹੋਣ, ਤਾਂ ਉਨ੍ਹਾਂ ਦਾ ਜੀਵਨ ਸਫਲ ਹੁੰਦਾ ਹੈ।ਨਾਮ ਦੇਵ ਦੇ ਹਿਰਦੇ ਵਿਚ ਪ੍ਰਭ ਹੈ, ਇਹੋ ਹੀ ਨਾਮ ਦੇਵ ਜੀ ਦੇ ਲਈ ਸਭ ਉਤਮ ਪਦਵੀ ਹੈ।